# ਅੰਮ੍ਰਿਤ ਕੀਰਤਨ

ਈ–ਮੈਗਜ਼ੀਨ | e-Magazine

ਆਸਾੜੁ ਭਲਾ ਸੂਰਜੁ ਗਗਨਿ ਤਪੈ॥

The month of Aasaarh is good; the sun blazes in the sky.

ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥

The earth suffers in pain, parched and roasted in the fire.

ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥

The fire dries up the moisture, and she dies in agony.
But even then, the sun does not grow tired.

ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥

His chariot moves on, and the soul-bride seeks shade;
the crickets are chirping in the forest.

ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੈ॥

She ties up her bundle of faults and demerits, and suffers in the
world hereafter. But dwelling on the True Lord, she finds peace.

ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥

O Nanak! I have given this mind to
Him; death and life rest with God. ||

(ਤੁਖਾਰੀ ਛੰਤ ਮਹਲਾ ੧ ਬਾਰਹਮਾਹਾ ਅੰਗ 1108)

ਸੰਪਾਦਕ
ਡਾ. ਜਾਗੀਰ ਸਿੰਘ

ਜੂਨ 2025



# ਸ

ਸਿਫ਼ਤ ਕਰਾਂ ਕੀ ਰੱਬ ਸੱਚੇ ਦੀ,
ਕੈਸੀ ਖੇਡ ਰਚਾਈ ਹੂ।

ਪਿਓ, ਪੁੱਤ ਤੇ ਸੱਭ ਕਬੀਲਾ,
ਮਿਲਦੇ ਭੈਣ ਤੇ ਭਾਈ ਹੂ।

ਬਾਹਿਰੋਂ ਆ ਕੇ ਨੂਹਾਂ ਬਣੀਆਂ,
ਬਾਹਿਰੋਂ ਆਏ ਜਵਾਈ ਹੂ।

ਸੰਤੋਖ, ਬਣਿਆ ਪਰਿਵਾਰ ਸਭ ਮਿਲਕੇ,
ਦੇਖੇ ਸਭ ਲੁਕਾਈ ਹੂ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


**ਸੰਪਾਦਕੀ : ਕਰਉ ਬੇਨੰਤੀਆ**
ਕੈਮਲੂਪਸ ਦੀਆਂ ਮਛੀਆਂ 2

**ਗੁਰਮਤਿ ਸੰਗੀਤ ਵਿਚ ਰਾਗ ਮਾਝ**
ਡਾ. ਗੁਰਨਾਮ ਸਿੰਘ 5

**ਗੁਰਮਤਿ ਸੰਗੀਤ ਦੇ ਪ੍ਰਸਿੱਧ ਕੀਰਤਨੀਏ ਰਬਾਬੀ ਭਾਈ ਲਾਲ ਜੀ**
ਰੁਪਿੰਦਰ ਕੌਰ 7

**ਨਾਮਵਰ ਕੀਰਤਨੀਏ ਭਾਈ ਮਾਨ ਸਿੰਘ ਪੰਛੀ**
ਭਾਈ ਕਰਮ ਸਿੰਘ ਰਤਨ 11

**ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਮਤਾਨ ਸਾਹਿਬ**
ਪ੍ਰੋ. ਨਵ ਸੰਗੀਤ ਸਿੰਘ 15

**Shaheed Bhai Amrik Singh**
Dr. Amardev Singh 17

**Bably S. Singh (An Artist)** 19
Shivani Bakhoo



**ਸਾਲਾਨਾ ਚੰਦਾ : 500/-ਰੁਪਏ**


Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are :
**AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਕੈਮਲੂਪਸ ਦੀਆਂ ਮਛੀਆਂ

ਪਿਛੇ ਜਿਹੇ ਡਾਕਟਰ ਆਤਮਜੀਤ ਸਿੰਘ ਨਾਟਕਕਾਰ ਦੀ ਇਕ ਵਾਰਤਾ ਸੁਣ ਰਿਹਾ ਸਾਂ। ਉਸ ਵਿੱਚ ਉਹ ਆਪਣੇ ਇੱਕ ਨਾਟਕ ਦੇ ਲਿਖਣ ਦੀ ਕਹਾਣੀ ਬਿਆਨ ਕਰਦਿਆਂ ਕੈਨੇਡਾ ਦੀ ਇੱਕ ਝੀਲ ਦੀਆਂ ਮੱਛੀਆਂ ਬਾਰੇ ਦੱਸਦੇ ਹਨ। ਕੈਂਪਲੂਪਸ ਕਸਬੇ ਦੇ ਨੇੜੇ ਇੱਕ ਝੀਲ ਹੈ ਜਿਸ ਦਾ ਪਾਣੀ ਇਸ ਵਿਸ਼ੇਸ਼ ਪ੍ਰਕਾਰ ਦੀ ਮੱਛੀ ਲਈ ਬਹੁਤ ਸੁਖਾਵਾਂ ਹੈ। ਇਹ ਮੱਛੀ ਇੱਥੇ ਪੈਦਾ ਹੁੰਦੀ ਹੈ। ਜਦੋਂ ਇਹ ਮੱਛੀ ਥੋਹੜੀ ਵੱਡੀ ਹੁੰਦੀ ਹੈ ਤਾਂ ਇਹ ਨਾਲ ਵਗਦੇ ਦਰਿਆ ਵੱਲ ਜਾਂਦੀ ਤੇ ਇਹ ਦਰਿਆ ਦੇ ਵਹਾਅ ਨਾਲ ਜਿਹੜਾ ਕਿ ਪੈਸੇਫਿਕ ਸਮੁੰਦਰ ਵੱਲ ਜਾ ਰਿਹਾ ਹੁੰਦਾ ਹੈ ਉੱਧਰ ਜਾਂਦੀ ਹੈ। ਚੌਦਾਂ ਪੰਦਰਾਂ ਸੌ ਮੀਲ ਉਹ ਮੱਛੀ ਤੈਰ ਕੇ ਜਾਂਦੀ ਹੈ। ਉਹਨਾਂ ਦੀ ਜ਼ਿੰਦਗੀ ਕੇਵਲ ਚਾਰ ਸਾਲ ਹੁੰਦੀ ਹੈ। ਚਾਰ ਸਾਲਾਂ ਤੋਂ ਬਾਅਦ ਉਹਨਾਂ ਨੂੰ ਅੰਦਰੋਂ ਗਿਆਨ ਹੋ ਜਾਂਦਾ ਹੈ ਕਿ ਹੁਣ ਸਾਡਾ ਅੰਤ ਨੇੜੇ ਹੈ। ਉਹਨਾਂ ਨੂੰ ਆਪਣਾ ਜਨਮ ਸਥਾਨ ਯਾਦ ਆਉਂਦਾ ਹੈ ਤੇ ਉਹ ਉਸ ਵੱਲ ਚੱਲ ਪੈਂਦੀਆਂ ਹਨ। ਉਹ ਮੱਛੀਆਂ ਜਿਹੜੀਆਂ ਪਾਣੀ ਦੇ ਵਹਾਅ ਦੇ ਨਾਲ ਇਥੇ ਆਈਆਂ ਸਨ ਹੁਣ ਉਹ ਪਾਣੀ ਦੇ ਵਹਾਅ ਦੇ ਉਲਟ ਫਿਰ ਉਸੇ ਝੀਲ ਵੱਲ ਵਾਪਸ ਮੁੜਦੀਆਂ ਹਨ। ਜਦੋਂ ਇਹ ਮੱਛੀਆਂ ਵਹਾਅ ਦੇ ਨਾਲ ਆਈਆਂ ਸਨ ਤਾਂ ਜੁਆਨ ਸਨ। ਪਰ ਹੁਣ ਇਹ ਬੁੱਢੀਆਂ ਹੋ ਚੁੱਕੀਆਂ ਹਨ ਅਤੇ ਵਹਾਅ ਦੇ ਉਲਟ ਤੈਰਨ ਨਾਲ ਬਹੁਤ ਜ਼ੋਰ ਲਗਦਾ ਹੈ ਉਹਨਾਂ ਦੀ ਚਮੜੀ ਝੜ ਜਾਂਦੀ ਹੈ। ਤੇ ਉਹਨਾਂ ਦਾ ਰੰਗ ਬਿਲਕੁਲ ਲਾਲ ਹੋ ਜਾਂਦਾ ਹੈ। ਫਿਰ ਉਹ ਉਸੇ ਥਾਂ ਆਪਣੇ ਜਨਮ ਸਥਾਨ ਤੇ ਪਹੁੰਚ ਕੇ ਅੰਡੇ ਦਿੰਦੀਆਂ ਹਨ ਤੇ ਮਰ ਜਾਂਦੀਆਂ ਹਨ। ਫੇਰ ਉਹਨਾਂ ਅੰਡਿਆਂ ਵਿੱਚੋਂ ਪੂੰਗਾਂ ਪੈਦਾ ਹੁੰਦੀਆਂ ਹਨ ਮੱਛੀਆਂ ਬਣਦੀਆਂ ਹਨ ਤੇ ਫਿਰ ਉਹ ਪੇਸਫਿਕ ਵੱਲ ਆਪਣੀ ਯਾਤਰਾ ਸ਼ੁਰੂ ਕਰ ਦਿੰਦੀਆਂ ਹਨ ਤੇ ਇੰਜ ਉਹਨਾਂ ਦਾ ਇਹ ਜੀਵਨ ਚੱਕਰ ਚਲਦਾ ਰਹਿੰਦਾ ਹੈ। ਆਤਮਜੀਤ ਜੀ ਨੇ ਇਸੇ ਜਜ਼ਬੇ ਨੂੰ ਪੰਜਾਬੀ ਲੋਕਾਂ ਨਾਲ ਜੋੜ ਕੇ ਇਸ ਪਰਵਿਰਤੀ ਬਾਰੇ ਨਾਟਕ ਲਿਖ ਕੇ ਪੰਜਾਬੀ ਪਰਵਾਸੀਆਂ ਦੀ ਸਥਿਤੀ ਨੂੰ ਬਹੁਤ ਭਾਵ ਪੂਰਤ ਢੰਗ ਨਾਲ ਬਿਆਨ ਕੀਤਾ ਹੈ।

ਗੁਰਬਾਣੀ ਵਿੱਚ ਵੀ ਮਛੀ ਦੇ ਦ੍ਰਿਸ਼ਟਾਂਤ ਰਾਹੀਂ ਮਨੁੱਖ ਨੂੰ ਬਹੁਤ ਕੁਝ ਸਮਝਾਉਣ ਦੇ ਜਤਨ ਹੋਏ ਹਨ। ਗੁਰੂ ਨਾਨਕ ਦੇਵ ਜੀ ਦਾ ਸਿਰੀ ਰਾਗ ਵਿੱਚ ਦਰਜ ਇੱਕ ਸ਼ਬਦ ਹੈ:

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ॥

ਇਸ ਸ਼ਬਦ ਦੀ ਵਿਆਖਿਆ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਸਮਝਾਉਣ ਲਈ ਭਾਈ ਵੀਰ ਸਿੰਘ ਜੀ ਨੇ ਆਪਣਾ ਨਿਵੇਕਲਾ ਤਰੀਕਾ ਅਪਨਾਇਆ ਹੈ। ਉਹਨਾਂ ਬਿਆਨ ਕੀਤਾ:

ਕਹਿੰਦੇ ਹਨ ਮੱਛੀ ਨੂੰ ਵੀ ਪਹਿਲਾਂ ਸੋਝੀ ਨਹੀਂ ਸੀ ਕਿ ਉਸ ਦਾ ਜੀਵਨ ਪਾਣੀ ਹੈ। ਉਹ ਹਮੇਸ਼ਾ ਪਾਣੀ ਵਿਚ ਰਹਿੰਦੀ ਸੀ। ਜਿਹੜੀ ਵਸਤੂ ਸਾਡੇ ਕੋਲ ਹਰ ਵੇਲੇ ਬਹੁਤਾਤ ਵਿੱਚ ਮੌਜੂਦ ਹੋਵੇ, ਸੌਖੀ ਮਿਲ ਸਕਦੀ ਹੋਵੇ, ਜਦੋਂ ਚਾਹੀਏ ਅਤੇ ਜਿੰਨੀ ਚਾਹੀਏ ਮਿਲ ਸਕਦੀ ਹੋਵੇ, ਤਾਂ ਅਸੀਂ ਉਸ ਵਸਤੂ ਦੀ ਮਹਤਤਾ ਨੂੰ ਨਹੀਂ ਸਮਝ ਸਕਦੇ। ਉਸ ਦੀ ਅਸੀਂ ਕਦਰ ਨਹੀਂ ਪਾਉਂਦੇ; ਉਸ ਦੀ ਕੀਮਤ ਨਹੀਂ ਸਮਝਦੇ। ਉਸ ਦੀ ਸੰਭਾਲ ਵੱਲ ਵੀ ਕੋਈ ਵਿਸ਼ੇਸ਼ ਧਿਆਨ ਨਹੀਂ ਦਿੰਦੇ। ਜਿਵੇਂ ਹਵਾ ਸਾਡੇ ਜੀਵਨ ਲਈ ਬਹੁਤ ਜ਼ਰੂਰੀ ਹੈ ਪਰ ਇਹ ਸਾਨੂੰ ਮੁਫ਼ਤ ਬਿਨਾਂ ਕਿਸੇ ਮੁਸ਼ਕਲ ਦੇ ਮਿਲ ਜਾਂਦੀ ਹੈ ਇਸ ਲਈ ਅਸੀਂ ਇਸ ਬਾਰੇ ਬਹੁਤਾ ਸੋਚਦੇ ਨਹੀਂ। ਪਰ ਜਿੱਥੇ ਕਿਤੇ ਇਸ ਦੀ ਤੋਟ ਆਉਂਦੀ ਹੈ ਤਾਂ ਇਸ ਦੀ ਕੀਮਤ ਦਾ ਪਤਾ ਲਗਦਾ ਹੈ। ਇਸ ਤਰ੍ਹਾਂ ਮੱਛੀ ਨੂੰ ਪਾਣੀ ਦੀ ਮਹਤਤਾ ਦਾ ਪਤਾ ਨਹੀਂ ਸੀ। ਇਕ ਵਾਰ ਉਸ ਨੇ ਕੱਛੂ ਨੂੰ ਕਿਹਾ ਕਿ ਮੈਂ ਸੁਣਿਆ ਹੈ ਕਿ ਕੋਈ ਐਸੀ ਵਸਤੂ ਹੈ ਜਿਹੜੀ ਸੀਤਲ ਹੈ; ਜਿਸ ਕਾਰਨ ਜੀਵ ਜੰਤੂ ਅਤੇ ਬਨਸਪਤੀ ਮੌਲਦੀ ਹੈ, ਤੂੰ ਉਸ ਵਸਤੂ ਬਾਰੇ ਜਾਣਦਾ ਹੈਂ? ਕੱਛੂ ਨੇ ਕਿਹਾ, 'ਮੈਂ ਤਾਂ ਜਾਣਦਾ ਹਾਂ, ਪਰ ਜੇ ਤੂੰ ਜਾਣਨਾ ਚਾਹੁੰਦੀ ਹੈਂ ਤਾਂ ਤੈਨੂੰ ਮੇਰੇ ਨਾਲ ਪਾਣੀ ਤੋਂ ਬਾਹਰ ਜਾਣਾ ਪਵੇਗਾ। ਮੱਛੀ ਕੱਛੂ ਦੀ ਪਿੱਠ 'ਤੇ ਬੈਠ ਗਈ ਤੇ ਕੱਛੂ ਨੇ ਉਸ ਨੂੰ ਬਰੇਤੇ ਵਿੱਚ ਲਿਆ ਸੁੱਟਿਆ

ਮੱਛੀ ਥੋੜੀ ਦੇਰ ਬਾਅਦ ਹੀ ਤੜਫਣ ਲੱਗੀ। ਜਦੋਂ ਅਧਮੋਈ ਹੋ ਗਈ ਤਾਂ ਕੱਛੂ ਨੇ ਮੱਛੀ ਨੂੰ ਮੁੜ ਪਾਣੀ ਵਿੱਚ ਲਿਆ ਕੇ ਸੁੱਟਿਆ ਤੇ ਕਿਹਾ - 'ਇਹ ਹੈ ਪਾਣੀ ਜਿਹੜਾ ਸਭ ਨੂੰ ਸੀਤਲਤਾ ਤੇ ਜੀਵਨ ਦਿੰਦਾ ਹੈ।' ਉਸ ਦਿਨ ਤੋਂ ਮੱਛੀ ਨੂੰ ਪਤਾ ਚਲ ਗਿਆ ਤੇ ਉਹ ਲੱਗੀ ਪਾਣੀ ਦੇ ਗੁਣ-ਗਾਉਣ-

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ॥
ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ॥ (ਅੰਗ-25)

ਸ. ਨਰਾਇਣ ਸਿੰਘ ਸਾਬਕਾ ਮੈਨੇਜਰ ਸ੍ਰੀ ਨਨਕਾਣਾ ਸਾਹਿਬ ਨੇ 1947 ਦੇ ਵਰਤਾਰੇ ਅਤੇ ਸਿੱਖਾਂ ਦੀ ਵਿਥਿਆ ਨੂੰ ਬਿਆਨ ਕਰਨ ਲਈ ਇੱਕ ਪੁਸਤਕ ਲਿਖੀ ਉਸ ਵਿੱਚ ਉਹਨਾਂ ਨੇ ਮਛੀ ਦਾ ਦ੍ਰਿਸ਼ਟਾਂਤ ਲਿਆ:

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥
ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ॥ (ਅੰਗ-55)

ਗੁਰਬਾਣੀ ਵਿੱਚ ਮੱਛੀ ਦੇ ਪਾਣੀ ਪ੍ਰਤੀ ਪਿਆਰ ਨੂੰ ਪ੍ਰਗਟਾਉਣ ਵਾਲੇ ਅਨੇਕਾਂ ਹਵਾਲੇ ਮਿਲਦੇ ਹਨ ਜਿਵੇਂ:

ਮੀਨ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰਿ ਭੋਜਨਿ ਕੀਨੋ ਤਊ ਨ ਬਿਸਰਿਓ ਪਾਨੀ॥ (ਅੰਗ-658)
ਜਿਉ ਮਛਲੀ ਬਿਨ ਪਾਣੀਐ ਕਿਉ ਜੀਵਣੁ ਪਾਵੈ॥ (ਅੰਗ-708)

ਪਰ ਪਾਣੀ ਵੀ ਮੱਛੀ ਨੂੰ ਪਿਆਰ ਕਰਦਾ ਹੈ ਅਤੇ ਇਸ ਦੀ ਕਿੰਜ ਹਿਫਾਜਿਤ ਕਰਦਾ ਹੈ ਇਸ ਬਾਰੇ ਹਿੰਦੀ ਦੇ ਇੱਕ ਕਵੀ ਨਰੇਸ਼ ਸਕਸੇਨਾ ਨੇ ਬਹੁਤ ਵਧੀਆ ਕਵਿਤਾ ਲਿਖੀ ਹੈ:

ਪਾਨੀ ਕਿਆ ਕਰ ਰਹਾ ਹੈ-
ਆਜ ਜਬ ਪੜ ਰਹੀ ਹੈ ਕੜਾਕੇ ਕੀ ਠੰਡ-
ਔਰ ਪਾਨੀ ਪੀਨਾ ਤੋ ਦੂਰ-
ਉਸੇ ਛੂਨੇ ਤਕ ਸੇ ਬਚ ਰਹੇ ਹੈਂ ਲੋਗ-ਤੋ ਚਲ ਕਰ ਦੇਖ ਲੇਨਾ ਚਾਹੀਏ-
ਕਿ ਅਪਨੇ ਸੰਕਟ ਕੀ ਇਸ ਘੜੀ ਮੇਂ-

ਪਾਨੀ ਕਿਆ ਕਰ ਰਹਾ ਹੈ-
ਅਰੇ ਵਹ ਤੋ ਸ਼ੀਰਸ਼ ਆਸਨ ਕਰ ਰਹਾ ਹੈ-
ਸਚਮੁਚ ਝੀਲੋਂ, ਤਾਲਾਬੋਂ ਔਰ ਨਦੀਓਂ ਕਾ ਪਾਨੀ-
ਸਿਰ ਕੇ ਬਲ ਖੜਾ ਹੋ ਰਹਾ ਹੈ-
ਸਤਹ ਕਾ ਪਾਨੀ ਠੰਡਾ ਔਰ ਭਾਰੀ ਹੋ ਲਗਾਤਾ ਹੈ ਡੁਬਕੀ-
ਔਰ ਨੀਚੇ ਗਰਮ ਔਰ ਹਲਕੇ ਪਾਨੀ ਕੋ ਊਪਰ ਭੇਜ ਦੇਤਾ ਹੈ ਠੰਡ ਸੇ ਜੂਝਨੇ-
ਇਸ ਤਰਹ ਲਗਾਤਾਰ ਲਗਾਤੇ ਹੂਏ ਡੁਬਕੀਆਂ-
ਉਮੜਤਾ ਘੁਮੜਤਾ ਹੂਆ ਪਾਨੀ-
ਜਬ ਆ ਜਾਤਾ ਹੈ ਚਾਰ ਡਿਗਰੀ ਸੈਲਸੀਅਸ ਪਰ-
ਯਹ ਚਾਰ ਡਿਗਰੀ ਕਿਆ-
ਯਹ ਚਾਰ ਡਿਗਰੀ ਵਹ ਤਾਪਮਾਨ ਹੈ ਦੋਸਤੋ-
ਜਿਸਕੇ ਨੀਚੇ ਮਛਲੀਓਂ ਕਾ ਮਰਨਾ ਸ਼ੁਰੂ ਹੋ ਜਾਤਾ ਹੈ-
ਪਤਾ ਨਹੀਂ ਯਹ ਪਾਨੀ ਕੈਸੇ ਜਾਨ ਲੇਤਾ ਹੈ-
ਕਿ ਅਗਰ ਵਹ ਔਰ ਠੰਡਾ ਹੂਆ-

ਤੋ ਮਛਲੀਆਂ ਬਚ ਨਹੀਂ ਪਾਏਂਗੀ–
ਅਚਾਨਕ ਵਹ ਅਬ ਤਕ ਜੋ ਕਰ ਰਹਾ ਥਾ–
ਠੀਕ ਉਸ ਕਾ ਉਲਟਾ ਕਰਨੇ ਲਗਤਾ ਹੈ–
ਯਾਨੀ ਔਰ ਠੰਡਾ ਹੋਨੇ ਪਰ ਭਾਰੀ ਨਹੀਂ ਹੋਤਾ–
ਬਲਕਿ ਹਲਕਾ ਹੋ ਕਰ ਊਪਰ ਹੀ ਤੈਰਤਾ ਰਹਿਤਾ ਹੈ–
ਤੀਨ ਡਿਗਰੀ ਹਲਕਾ,
ਦੋ ਡਿਗਰੀ ਔਰ ਹਲਕਾ ਔਰ ਸ਼ੂਨਯ ਡਿਗਰੀ ਹੋਤੇ ਹੀ–
ਬਰਫ ਬਨ ਕਰ ਸਤਹ ਪਰ ਜਮ ਜਾਤਾ ਹੈ–
ਇਸ ਤਰਹ ਵਹ ਕਵਚ ਬਨ ਜਾਤਾ ਹੈ ਮਛਲੀਓਂ ਕਾ–
ਅਬ ਪੜਤੀ ਰਹੇ ਠੰਡ–
ਨੀਚੇ ਗਰਮ ਪਾਨੀ ਮੇਂ ਮਛਲੀਆਂ–
ਜੀਵਨ ਕਾ ਉਤਸਵ ਮਨਾਤੀ ਰਹਤੀ ਹੈਂ–
ਇਸ ਵਕਤ ਸ਼ੀਤ ਕਟੀਬੰਧੋਂ ਮੇਂ–
ਤਮਾਮ ਝੀਲੋਂ ਔਰ ਸਮੁੰਦਰੋਂ ਕਾ ਪਾਨੀ ਜਮ ਕਰ–
ਮਛਲੀਓਂ ਕਾ ਕਵਚ ਬਨ ਚੁਕਾ ਹੈ–
ਪਾਨੀ ਕੇ ਪ੍ਰਾਣ ਮਛਲੀਓਂ ਮੇ ਬਸਤੇ ਹੈਂ–
ਆਦਮੀ ਕੇ ਪ੍ਰਾਣ ਕਹਾਂ ਬਸਤੇ ਹੈਂ, ਦੋਸਤੋ–

ਇਸ ਵਕਤ–

ਕੋਈ ਕੁਛ ਬਚਾ ਨਹੀਂ ਪਾ ਰਹਾ–
ਕਿਸਾਨ ਬਚਾ ਨਹੀਂ ਪਾ ਰਹਾ ਅੰਨ ਕੋ
ਅਪਨੇ ਹਾਥੋਂ ਸੇ ਫਸਲੋਂ ਕੋ ਆਗ ਲਗਾਏ ਦੇ ਰਹਾ ਹੈ
ਮਾਤਾਏਂ ਬਚਾ ਨਹੀਂ ਪਾ ਰਹੀਂ ਬੱਚੇ
ਉਨਹੇਂ ਗੋਦ ਮੇਂ ਲੇ
ਕੁਓਂ ਮੇ ਛਲਾਂਗੇਂ ਲਗਾ ਰਹੀ ਹੈਂ
ਇਸ ਸੇ ਪਹਲੇ ਕਿ ਠੰਡੇ ਹੋਤੇ ਹੀ ਚਲੇ ਜਾਏਂ
ਹਮ, ਚਲ ਕਰ ਦੇਖ ਲੇਂ
ਕਿ ਇਸ ਵਕਤ ਜਬ ਪੜ ਰਹੀ ਹੈ ਕੜਾਕੇ ਕੀ ਠੰਡ
ਤਬ ਮਛਲੀਓਂ ਕੇ ਸੰਕਟ ਕੀ ਇਸ ਘੜੀ ਮੇਂ
ਪਾਨੀ ਕਿਆ ਕਰ ਰਹਾ ਹੈ।

ਇਸ ਕਵਿਤਾ ਦੇ ਬੜੇ ਵਿਸ਼ਾਲ ਅਰਥ ਹਨ–––ਆਪਾਂ ਤਾਂ ਧੰਨਵਾਦ ਹੀ ਕਰ ਸਕਦੇ ਹਾਂ ਆਤਮਜੀਤ ਜੀ, ਭਾਈ ਵੀਰ ਸਿੰਘ ਜੀ, ਨਰਾਇਣ ਸਿੰਘ ਜੀ, ਨਰੇਸ਼ ਸਕਸੇਨਾ ਆਦਿ ਦਾ ਜਿਹੜੇ ਸਾਡੇ ਅੰਦਰਲੇ ਨਿੱਘ ਦੀ ਯਾਦ ਦਿਵਾਂਦੇ ਹਨ।––ਭੁੱਲ ਚੁੱਕ ਖਿਮਾ––ਜਾਗੀਰ ਸਿੰਘ

# ਗੁਰਮਤਿ ਸੰਗੀਤ ਵਿਚ ਰਾਗ ਮਾਝ

**ਡਾ. ਗੁਰਨਾਮ ਸਿੰਘ**

ਸੰਗੀਤ ਪਰੰਪਰਾ ਵਿਚ ਗਾਇਨ ਸ਼ੈਲੀਆਂ ਵਾਗੂੰ ਰਾਗਾਂ ਦੀ ਵੀ ਸਨਾਤਨੀ ਤੇ ਦੇਸੀ ਪ੍ਰਕਿਰਤੀ ਹੁੰਦੀ ਹੈ। ਸਨਾਤਨੀ ਰਾਗ ਉਹ ਜਿਨ੍ਹਾਂ ਦੀ ਉਤਪਤੀ ਜਾਂ ਆਦਿ ਸਰੋਤ ਸਨਾਤਨੀ ਪਰੰਪਰਾ ਵਿਚੋਂ ਅਤੇ ਦੇਸੀ ਰਾਗ ਦੇ ਉਤਪਤੀ ਦੇਸੀ ਤੇ ਇਲਾਕਾਈ ਸੰਗੀਤ ਤੇ ਸਭਿਆਚਾਰ ਵਿਚੋਂ ਸਵੀਕਾਰੀ ਜਾਂਦੀ ਹੈ। ਰਾਗਾਂ ਦੇ ਦੋਵੇਂ ਪ੍ਰਕਾਰ ਹੀ ਲੋਕਾਈ ਦੀਆਂ ਕਈ ਕਈ ਪੀੜੀਆਂ ਦੀ ਰਾਗ ਸਾਧਨਾ ਤੋਂ ਬਾਅਦ ਹੋਂਦ ਤੇ ਪ੍ਰਚਾਰ ਵਿਚ ਆਉਂਦੇ ਹਨ। ਸੰਗੀਤ ਦੀ ਦੁਨੀਆਂ ਵਿਚ ਰਾਗ ਸੁਰਾਤਮਕ ਸੁਹਜ ਪੱਖੋਂ ਭਰੇ ਪੂਰੇ ਦਰਿਆ ਹਨ ਜੋ ਸਦੀਆਂ ਤੋਂ ਵਹਿ ਰਹੇ ਹਨ। ਇਨ੍ਹਾਂ ਦਾ ਬੁਨਿਆਦੀ ਵਹਿਣ ਭਾਵੇਂ ਇਕੋ ਹੀ ਰਹਿੰਦਾ ਹੈ ਫਿਰ ਵੀ ਇਹ ਸਮਕਾਲੀ ਤੇ ਇਲਾਕਾਈ ਪ੍ਰਭਾਵ ਕਬੂਲਦੇ ਹਨ। ਇਸੇ ਕਰਕੇ ਰਾਗਾਂ ਦੇ ਕਈ ਵਿਭਿੰਨ ਰੂਪ ਤੇ ਕਈ ਰਾਗ ਪ੍ਰਕਾਰ ਪ੍ਰਚਲਿਤ ਹੋ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦੂਸਰਾ ਰਾਗ ਮਾਝ ਹੈ। ਮਾਝ ਇਕ ਦੇਸੀ ਤੇ ਇਲਾਕਾਈ ਪਰੰਪਰਾ ਤੋਂ ਵਿਕਸਤ ਰਾਗ ਹੈ। ਗੁਰੂ ਕਾਲ ਤੋਂ ਪੂਰਵਲੇ ਭਾਰਤੀ ਗ੍ਰੰਥਾਂ ਵਿਚ ਇਸ ਦਾ ਉਲੇਖ ਨਹੀਂ ਮਿਲਦਾ। ਪੰਜਾਬ ਦੇ ਸੰਗੀਤ  ਵਿਚ ਗੁਰੂ ਸਾਹਿਬਾਨਾਂ ਨੇ ਹੀ ਇਸ ਦਾ ਪ੍ਰਯੋਗ ਭਰਪੂਰ ਰੂਪ ਵਿਚ ਕੀਤਾ ਹੈ। ਪੰਜਾਬ ਦੇ ਮਾਝੇ ਇਲਾਕੇ ਨਾਲ ਇਸ ਦਾ ਗੂੜ੍ਹਾ ਸਬੰਧ ਹੈ। ਇਸ ਦੀ ਇਕ ਧੁਨੀ ਉੱਤੇ ਝਾਤ ਮਾਰੀਏ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਵਾਰ ਮਾਝ ਕੀ ਤਥਾ ਸਲੋਕ ਮਹਲਾ ੧॥ ਮਲਕ ਮੁਰੀਦ ਤਥਾ ਚੰਦ੍ਰਹੜਾ, ਸੋਹੀਆ ਦੀ ਧੁਨੀ ਗਾਵਣੀ॥ ਦਰਜ ਹੈ। ਇਸ ਵਾਰ ਦੇ ਸੰਦਰਭ ਵਿਚ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਭਾਗ ਪਹਿਲਾ) ਪੰਨਾ 137 ਉੱਤੇ ਦਿੱਤੇ ਪ੍ਰਮਾਣ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਾਰ ਮਾਝ ਦਾ ਵਜ਼ਨ ਉਹੀ ਹੈ ਜੋ ਦੇਸ (ਮਾਝਾ ਇਲਾਕਾ) ਵਿਚ ਪ੍ਰਚਲਿਤ ਮਲਕ ਮੁਰੀਦ ਵਾਲੀ ਵਾਰ ਦਾ ਸੀ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਇਹ ਧੁਨੀ ਲਿਖ ਸਪੱਸ਼ਟ ਸੰਕੇਤ ਕੀਤਾ ਹੈ ਕਿ ਵਾਰ ਮਾਝ ਨੂੰ ਇਸ ਧੁਨੀ ਦੀ ਧਾਰਨਾ ਦੇ ਅੰਤਰਗਤ ਗਾਵਣਾ ਹੈ। ਭਾਵ ਕਿ ਮਾਝ ਰਾਗ ਦੀ ਪਉੜੀ 'ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ' ਨੂੰ ਸਿਰਲੇਖ ਵਾਲੀ ਵਾਰ ਦੀ ਸੁਰ - ਕਾਬਲ ਇਹ ਮੁਰੀਦ ਖਾਂ ਫੜਿਆ ਬਡ ਜੋਰ-ਸੁਰ ਉੱਤੇ ਗਾਵਣਾ ਹੈ। ਕਾਵਿ ਦੀ ਅੰਤਰੀਵ ਦ੍ਰਿਸ਼ਟੀ ਨਾਲ ਦੇਖੀਏ ਤਾਂ ਦੋਵੇਂ ਵਾਰਾਂ ਦੇ ਸ਼ਬਦਾਂ ਦਾ ਤੋਲ ਤੁਕਾਂਤ ਤੇ ਵਜ਼ਨ ਵੀ ਮਿਲਦਾ ਹੈ। ਸੰਕੇਤਕ ਸਿਰਲੇਖ ਧੁਨੀ ਪੰਜਾਬ ਦੇ ਮਾਝੇ ਇਲਾਕੇ ਦੀ ਵਾਰ ਸੀ।

ਮਾਝ ਰਾਗ ਜੋ ਪੰਜਾਬ ਦੇ ਮਾਝੇ ਇਲਾਕੇ ਦਾ ਰਾਗ ਹੈ, ਵਿਚ ਸਿਰਫ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਹੀ ਪ੍ਰਾਪਤ ਹੁੰਦੀ ਹੈ। ਹੋਰ ਕਿਸੇ ਸੰਤ ਭਗਤ ਦੀ ਬਾਣੀ ਇਸ ਵਿਚ ਦਰਜ ਨਹੀਂ ਮਿਲਦੀ। ਇਸ ਲਈ ਇਹ ਜਿੱਥੇ ਇਲਾਕਾਈ ਰਾਗ ਹੈ ਉੱਥੇ ਇਹ ਗੁਰਮਤਿ ਸੰਗੀਤ ਦੇ ਮੌਲਿਕ ਰਾਗਾਂ ਦੀ ਲੜੀ ਵਿਚ ਵੀ ਆਉਂਦਾ ਹੈ।

ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਅਸ਼ਟਪਦੀਆਂ ਤੇ ਵਾਰ, ਗੁਰੂ ਅਮਰਦਾਸ ਜੀ ਦੀਆਂ ਅਸ਼ਟਪਦੀਆਂ, ਗੁਰੂ ਰਾਮਦਾਸ ਜੀ ਦੇ ਚਉਪਦੇ ਤੇ ਅਸ਼ਟਪਦੀਆਂ, ਗੁਰੂ ਅਰਜਨ ਦੇਵ ਜੀ ਦੇ ਚਉਪਦੇ, ਬਾਰਾਮਾਹ, ਅਸ਼ਟਪਦੀਆਂ ਤੇ ਦਿਨ ਰੈਣਿ ਬਾਣੀ ਰੂਪ ਵਿਚ ਸ਼ਬਦ ਦਰਜ ਹਨ। ਗੁਰੂ ਨਾਨਕ ਦੇਵ ਜੀ ਨੇ ਮਾਝ ਦੀ ਵਾਰ ਵਿਚ ਆਪਣੇ ਰੂਹਾਨੀ ਅਨੁਭਵ ਨੂੰ ਇਉਂ ਬਿਆਨ ਕੀਤਾ ਹੈ :

ਖਸਮੈ ਕੈ ਦਰਬਾਰਿ ਢਾਢੀ ਵਸਿਆ॥ ਸਚਾ ਖਸਮੁ ਕਲਾਣਿ ਕਮਲੁ ਵਿਗਸਿਆ॥
ਖਸਮਹੁ ਪੂਰਾ ਪਾਇ ਮਨਹੁ ਰਹਸਿਆ॥ ਦੁਸਮਨ ਕਢੇ ਮਾਰਿ ਸਜਣ ਸਰਸਿਆ॥
ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ॥ ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ॥
ਢਾਢੀ ਕਥੇ ਅਕਥੁ ਸਬਦਿ ਸਵਾਰਿਆ॥ ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ॥੨੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੮)

ਮਾਝ ਰਾਗ ਆਪਣੇ ਸੁਰਾਤਮਕ ਸੁਭਾਅ ਕਰਕੇ ਪੰਜਾਬ ਲੋਕ ਸੰਗੀਤ ਗਾਇਨ ਅੰਗ ਦੀ ਭਰਪੂਰਤਾ ਵਾਲਾ ਰਾਗ ਹੈ। ਇਸ ਦਾ ਗਾਇਨ ਕਰਨ ਲਈ ਗਾਇਕ ਰਾਗੀ ਦਾ ਰਾਗ ਪ੍ਰਬੀਨ ਹੋਣਾ ਜ਼ਰੂਰੀ ਹੈ ਤਾਂ ਹੀ ਇਸ ਦੀ ਸੁਰਾਤਮਕ ਚਾਲ ਨੂੰ ਸੰਭਾਲਿਆ ਜਾ ਸਕਦਾ ਹੈ ਕੇਵਲ ਸੁਰਾਂ ਨੂੰ ਟੋਹ ਟੋਹ ਕੇ ਗਾਉਣ ਨਾਲ ਇਹ ਰਾਗ ਨਹੀਂ ਬਣਦਾ। ਮਾਝ ਰਾਗ ਵਿਚ ਵੇਦਨਾ, ਤੜਪ ਤੇ ਭਾਵਾਂ ਦੀ ਤੀਖਣਤਾ ਤੀਬਰਤਾ ਬਿਆਨ ਕਰਨ ਦੀ ਅਥਾਹ ਸਮਰੱਥਾ ਹੈ। ਗੁਰੂ ਅਰਜਨ ਦੇਵ ਜੀ

ਦੁਆਰਾ ਰਚਿਤ ਮਾਝ ਮਹਲਾ ੫ ਸਿਰਲੇਖ ਅਧੀਨ ਸ਼ਬਦ–

ਮੇਰਾ ਮਨੁ ਲੋਚੈ' ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੬)

ਇਸ ਦੀ ਇਕ ਸਫ਼ਲ ਮਿਸਾਲ ਹੈ ਜਿਸ ਦੇ ਸਾਰੇ ਪਦ ਹੀ ਬੜੇ ਭਾਵਪੂਰਤ ਹਨ। ਇਸ ਤਰ੍ਹਾਂ ਮਾਝ ਰਾਗ ਦੀ ਬਾਣੀ ਵਿਚ ਗੁਰੂ ਸਾਹਿਬਾਨ ਨੇ ਵਿਭਿੰਨ ਬਾਣੀ ਦੇ ਵਿਸ਼ਿਆਂ ਨੂੰ ਛੋਹਿਆ ਹੈ। ਬਾਣੀ ਵਿਚ ਰਾਗ ਸਾਧਨ ਜਾਂ ਮਾਧਿਅਮ ਹੈ ਲਕਸ਼ ਨਹੀਂ ਇਸ ਲਈ ਅਸੀਂ ਹਰ ਰਾਗ ਦੀ ਚਰਚਾ ਇਸ ਸੰਦਰਭ ਵਿਚ ਕਰਾਂਗੇ।

ਭਾਰਤੀ ਸੰਗੀਤ ਵਿਚ ਇਸ ਰਾਗ ਦਾ ਸਰੂਪ ਮਾਝ ਖਮਾਜ ਜਾਂ ਮਾਂਝ ਰਾਗ ਕਰਕੇ ਸਮਕਾਲੀ ਰਾਗ ਕੋਸ਼ਾਂ ਵਿਚ ਉਲੇਖ ਮਿਲਦਾ ਹੈ। ਗੁਰਮਤਿ ਸੰਗੀਤ ਵਿਚ ਇਸ ਰਾਗ ਦਾ ਸਰੂਪ ਇਸ ਤਰ੍ਹਾਂ ਪ੍ਰਵਾਨਿਆ ਗਿਆ ਹੈ, ਜਿਸ ਦਾ ਕਾਫੀ ਥਾਟ ਹੈ, ਜਿਸ ਵਿਚ ਦੋਵੇਂ ਗੰਧਾਰ, ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਇਸ ਦੇ ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ ਕੀਤਾ ਗਿਆ ਹੈ। ਵਾਦੀ ਸੁਰ ਰਿਸ਼ਭ ਤੇ ਸੰਵਾਦੀ ਪੰਚਮ, ਗਾਇਨ ਸਮਾਂ ਰਾਤ ਦਾ ਪਹਲਿਾ ਪਹਿਰ ਅਤੇ ਜਾਤੀ ਔੜਵ ਸੰਪੂਰਨ ਮੰਨੀ ਗਈ ਹੈ।

ਭਾਰਤੀ ਰਾਗ ਧਿਆਨ ਪਰੰਪਰਾ ਵਾਗੂ ਚਿੱਤਰਕਲਾ ਦੁਆਰਾ ਰਾਗਾਂ ਨੂੰ ਉਜਾਗਰ ਕਰਨ ਦੇ ਯਤਨ ਵਿਚ ਚਿੱਤਰਕਾਰ ਦੇਵਿੰਦਰ ਸਿੰਘ ਚੰਡੀਗੜ੍ਹ ਸਹਾਈ ਹੋਏ ਜਿਨ੍ਹਾਂ ਰਾਗ ਮਾਝ ਨੂੰ ਬਾਣੀ ਦੇ ਆਧਾਰ ਤੇ ਬੜੇ ਭਾਵਪੂਰਤ ਵਿਧੀ ਨਾਲ ਸਮੂਰਤ ਕੀਤਾ ਹੈ। ਇਸ ਵਿਚ ਉਨ੍ਹਾਂ ਭਾਰਤੀ ਰਾਗ ਧਿਆਨ ਪਰੰਪਰਾ ਦੇ ਬਿੰਬ ਤੇ ਪ੍ਰਤੀਕ ਨਹੀਂ ਵਰਤੇ ਸਗੋਂ ਬਾਣੀ ਵਿਚ ਪ੍ਰਯੋਗ ਕੀਤੇ ਗਏ ਬਿੰਬਾਂ ਤੇ ਪ੍ਰਤੀਕਾਂ ਦੁਆਰਾ ਬਾਣੀ ਵਿਚਲੇ ਰਾਗ ਮਾਝ ਨੂੰ ਆਪਣੀ ਕਲਾ ਦੁਆਰਾ ਸਮੂਰਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਸ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਾਝ ਰਾਗ ਵਿਚ ਦਰਜ ਚਉਪਦਾ ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਨੂੰ ਮੁੱਖ ਅਧਾਰ ਬਣਾਇਆ ਹੈ।

ਸਮਕਾਲੀ ਗਾਇਨ ਵਿਚੋਂ ਰਿਕਾਰਡਿੰਗਜ਼ ਦੇ ਪੱਧਰ ਤੇ ਵੇਖੀਏ ਤਾਂ ਭਾਈ ਅਵਤਾਰ ਸਿੰਘ, ਭਾਈ ਬਲਬੀਰ ਸਿੰਘ, ਭਾਈ ਗੁਰਮੀਤ ਸਿੰਘ ਸਾਂਤ, ਭਾਈ ਨਰਿੰਦਰ ਸਿੰਘ ਬਨਾਰਸੀ, ਭਾਈ ਬਖਸ਼ੀਸ਼ ਸਿੰਘ, ਭਾਈ ਨਿਰਮਲ ਸਿੰਘ, ਭਾਈ ਧਰਮ ਸਿੰਘ ਜਖਮੀ, ਪ੍ਰੋ. ਹਰਚੰਦ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਕੁਲਵੰਤ ਸਿੰਘ ਚੰਦਨ, ਅਲੰਕਾਰ ਸਿੰਘ (ਪ੍ਰੋ.), ਭਾਈ ਹਰਪਿੰਦਰ ਸਿੰਘ, ਬੀਬੀ ਗੁਰਪ੍ਰੀਤ ਕੌਰ, ਭਾਈ ਕੁਲਤਾਰ ਸਿੰਘ, ਭਾਈ ਦੇਵਿੰਦਰ ਸਿੰਘ ਇਸ ਰਾਗ ਨੂੰ ਆਪਣੇ ਆਪੋ ਅੰਦਾਜ਼ ਵਿਚ ਗਾਉਂਦੇ ਹਨ। ਇਸ ਰਾਗ ਨੂੰ ਸਭ ਤੋਂ ਜ਼ਿਆਦਾ ਗਾਉਣ ਦਾ ਸੁਭਾਗ ਲੇਖਕ (ਡਾ. ਗੁਰਨਾਮ ਸਿੰਘ) ਨੂੰ ਹੀ ਪ੍ਰਾਪਤ ਹੋਇਆ ਜਿਸ ਵਿਚ ਧਰੁਪਦ, ਸ਼ਬਦ ਤੇ ਸੁਗਮ ਰੀਤ ਅੰਗ ਦੇ ਨਾਲ ਵਾਰ ਮਾਝ ਦੀਆਂ 'ਜਾਤੀ ਦੈ ਕਿਆ ਹਥਿ ਸਚੁ ਪਰਖੀਐ॥' ਅਤੇ ਹੋਰ ਪਉੜੀਆਂ ਦਾ ਗਾਇਨ ਸੰਤ ਬਾਬਾ ਸੁੱਚਾ ਸਿੰਘ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1992 ਦੌਰਾਨ ਕਰਵਾਇਆ ਤੇ ਪ੍ਰਚਾਰਿਆ। ਇਸ ਤਰ੍ਹਾਂ ਇੰਗਲੈਂਡ ਵਾਲੇ ਪ੍ਰੋ. ਸੁਰਿੰਦਰ ਸਿੰਘ ਇਸ ਰਾਗ ਨੂੰ ਬੜੇ ਸੁਰੀਲੇ, ਭਾਵਪੂਰਤ ਤੇ ਸਹਿਜ ਅੰਦਾਜ਼ ਵਿਚ ਗਾਉਂਦੇ ਹਨ। ਗੁਰਮਤਿ ਸੰਗੀਤ ਦੀ ਅਗਲੀ ਪੀੜੀ ਵੀ ਇਸ ਰਾਗ ਨੂੰ ਗਾਉਣ ਵੱਲ ਰੁਚਿਤ ਹੈ।

**ਬਾਨੀ-ਪ੍ਰੋਫੈਸਰ ਅਤੇ ਮੁਖੀ**
**ਗੁਰਮਤਿ ਸੰਗੀਤ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਗੁਰਮਤਿ ਸੰਗੀਤ ਦੇ ਪ੍ਰਸਿੱਧ ਕੀਰਤਨੀਏ ਰਬਾਬੀ ਭਾਈ ਲਾਲ ਜੀ

**ਰੁਪਿੰਦਰ ਕੌਰ**

ਸਿੱਖ ਧਰਮ ਵਿਚ ਕੀਰਤਨ ਪ੍ਰਥਾ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੁੰਦੀ ਹੈ। ਲੋਕਾਈ ਨੂੰ ਸੋਧ ਦੇਣ ਲਈ ਗੁਰੂ ਸਾਹਿਬ ਨੇ ਉਦਾਸੀਆਂ ਦੀ ਸ਼ੁਰੂਆਤ ਕਰਨ ਸਮੇਂ ਭਾਈ ਮਰਦਾਨੇ ਨੂੰ ਆਪਣਾ ਸਾਥੀ ਚੁਣਿਆ। ਰਬਾਬ ਦੀ ਮਧੁਰ ਧੁਨ ਅਤੇ ਬਾਣੀ ਦੇ ਇਲਾਹੀ ਗਾਇਨ ਦੁਆਰਾ ਆਪ ਜੀ ਹਰ ਨਗਰ ਵਿਚ ਉਥੋਂ ਦੇ ਲੋਕਾਂ ਨਾਲ ਪ੍ਰੀਚਿਤ ਹੁੰਦੇ ਰਹੇ। "ਇਤਿਹਾਸਕ ਤੌਰ ਤੇ ਕਈ ਹਵਾਲੇ ਮਿਲਦੇ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਭਾਈ ਮਰਦਾਨਾ ਨੂੰ ਰਬਾਬ ਵਾਦਨ ਦਾ ਆਦੇਸ਼ ਦਿੰਦੇ ਹਨ ਤਾਂ ਜੋ ਧੁਰ ਦਰਗਾਹ ਤੋਂ ਬਖਸ਼ੀ ਖਸਮ ਦੀ ਬਾਣੀ ਨੂੰ ਕੀਰਤਨ ਦੁਆਰਾ ਲੋਕਾਈ ਤੱਕ ਪਹੁੰਚਾਇਆ ਜਾ ਸਕੇ।" ਗੁਰੂ ਸਾਹਿਬ ਨਾਲ ਰਬਾਬ ਵਾਦਨ ਕਰਕੇ ਭਾਈ ਮਰਦਾਨਾ ਸਿੱਖਾਂ ਦੇ ਪਹਿਲੇ ਰਬਾਬੀ ਕੀਰਤਨੀਏ ਬਣੇ। "ਰਬਾਬ ਵਜਾਉਣ ਵਿਚ ਭਾਈ ਮਰਦਾਨੇ ਵਰਗੀ ਮੁਹਾਰਤ ਹੋਰ ਕਿਸੇ ਦੇ ਹਿੱਸੇ ਨਹੀਂ ਆਈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਸਿੱਖਾਂ ਦੀ ਸੂਚੀ ਵਿਚ ਵੀ ਭਾਈ ਮਰਦਾਨੇ ਨੂੰ ਇਕ ਸੁਚੱਜਾ ਰਬਾਬੀ ਕਹਿ ਕੇ ਸਤਿਕਾਰਿਆ ਹੈ: ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ" ਇਸ ਤੋਂ ਇਲਾਵਾ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ:

"ਇਕੁ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥"

ਭਾਈ ਮਰਦਾਨਾ ਜੀ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਭਾਈ ਸਜਾਦਾ ਜੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਕਰਤਾਰਪੁਰ ਸਾਹਿਬ ਕੀਰਤਨ ਦੀ ਸੇਵਾ ਕਰਦੇ ਰਹੇ। ਅੱਗੋਂ ਭਾਈ ਸਜਾਦਾ ਦੇ ਪੁੱਤਰ ਭਾਈ ਸਾਦੂ ਅਤੇ ਭਾਈ ਬਾਦੂ ਜੀ ਰਬਾਬੀ ਕੀਰਤਨੀਆਂ ਵਜੋਂ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਦੇ ਰਹੇ। ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਭਾਈ ਸਾਦੂ, ਭਾਈ ਬਾਦੂ, ਭਾਈ ਬੂਲਾ ਅਤੇ ਭਾਈ ਪਾਂਧਾ ਕੀਰਤਨ ਦੀ ਸੇਵਾ ਕਰਦੇ ਰਹੇ। ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਭਾਈ ਸੱਤਾ ਤੇ ਬਲਵੰਡ ਤੋਂ ਇਲਾਵਾ ਭਾਈ ਝਾਜੂ, ਭਾਈ ਮੁਕੰਦ ਅਤੇ ਭਾਈ ਕਿਦਾਰਾ ਕੀਰਤਨ ਕਰਦੇ ਰਹੇ। ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਰਬਾਬੀ ਪਰੰਪਰਾ ਦੇ ਨਾਲ-ਨਾਲ ਢਾਡੀ ਵਾਰਾਂ ਦੀ ਪਰੰਪਰਾ ਵੀ ਆਰੰਭ ਕਰਵਾਈ, ਜਿਸ ਵਿਚ ਢਾਡੀ ਅਬਦੁੱਲਾ ਅਤੇ ਨੱਥਾ ਮੱਲ, ਰਬਾਬ ਅਤੇ ਢੱਡਾਂ ਨਾਲ ਵਾਰਾਂ ਦਾ ਗਾਇਨ ਕਰਦੇ ਸਨ। ਗੁਰੂ ਹਰਿ ਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਵੀ ਕੀਰਤਨ ਦੀ ਇਹ ਪਰੰਪਰਾ ਕਾਇਮ ਰਹੀ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਰਬਾਬ ਦੇ ਨਾਲ-ਨਾਲ ਤਾਊਸ ਦੀ ਵਰਤੋਂ ਵੀ ਆਰੰਭ ਹੋ ਗਈ ਸੀ, ਜਿਸ ਵਿਚ ਉਪਰੋਕਤ ਰਬਾਬੀ ਕੀਰਤਨੀਆਂ ਤੋਂ ਇਲਾਵਾ ਭਾਈ ਭੀਖਾ, ਭਾਈ ਬਾਲ, ਭਾਈ ਜਾਲਪ ਆਦਿ ਪ੍ਰਮੁੱਖ ਰਬਾਬੀ ਹੋਏ।

ਕੀਰਤਨ ਕਲਾ ਵਿਚ ਮਾਹਿਰ ਰਬਾਬੀਆਂ ਅਤੇ ਰਾਗੀਆਂ ਨੇ ਇਸ ਪਰੰਪਰਾ ਨੂੰ ਕਾਇਮ ਰੱਖਿਆ ਅਤੇ ਕੀਰਤਨ ਦੇ ਇਸ ਅਮੀਰ ਵਿਰਸੇ ਵਿਚ ਯੋਗਦਾਨ ਪਾਇਆ। 'ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ 1799 ਵਿਚ 'ਸਿੱਖ ਰਾਜ' ਕਾਇਮ ਕੀਤਾ।' ਉਹਨਾਂ ਨੇ ਨੇਕ ਦਿਲ ਹੁੰਦਿਆਂ ਹਰਿਮੰਦਰ ਸਾਹਿਬ ਦੇ ਰਬਾਬੀਆਂ, ਰਾਗੀਆਂ ਅਤੇ ਢਾਡੀਆਂ ਦੀਆਂ ਤਨਖਾਹਾਂ ਬੰਨ੍ਹ ਦਿੱਤੀਆਂ ਤਾਂ ਜੋ ਉਹਨਾਂ ਦੇ ਘਰ ਦਾ ਗੁਜ਼ਾਰਾ ਚੰਗੇ ਢੰਗ ਨਾਲ ਹੋ ਸਕੇ। ਇਸ ਸਮੇਂ ਦੇ ਦੌਰਾਨ ਭਾਈ ਮਨਸ਼ਾ ਸਿੰਘ ਅਤੇ ਭਾਈ ਸ਼ਾਮ ਸਿੰਘ ਪ੍ਰਸਿੱਧ ਰਬਾਬੀਆਂ ਵਜੋਂ ਜਾਣੇ ਜਾਂਦੇ ਹਨ।

ਹਰਿਮੰਦਰ ਸਾਹਿਬ ਵਿਖੇ 1947 ਤਕ ਭਾਈ ਬੂੜਾ, ਭਾਈ ਗੱਜਾ ਸਿੰਘ, ਭਾਈ ਚਾਂਦ, ਭਾਈ ਲਾਲ ਆਦਿ ਰਬਾਬੀ ਕੀਰਤਨ ਕਰਦੇ ਰਹੇ। ਦੇਸ਼ ਦੀ ਵੰਡ ਸਮੇਂ ਭਾਈ ਚਾਂਦ ਅਤੇ ਭਾਈ ਲਾਲ ਮੁਸਲਮਾਨ ਹੋਣ ਕਾਰਨ ਪਾਕਿਸਤਾਨ ਚਲੇ ਗਏ ਪਰੰਤੂ ਬਾਅਦ ਵਿਚ ਵੀ ਇਹ ਕੀਰਤਨ ਕਰਨ ਲਈ ਭਾਰਤ ਆਉਂਦੇ ਰਹੇ। ਵਰਣਨਯੋਗ ਜੈ ਕਿ ਭਾਈ ਲਾਲ ਨਾਮਕ ਦੋ ਰਬਾਬੀ ਹੋਏ ਹਨ। ਇਕ ਭਾਈ ਲਾਲ ਅੰਮ੍ਰਿਤਸਰੀ ਵਜੋਂ ਜਾਣੇ ਜਾਂਦੇ ਹਨ ਅਤੇ ਦੂਸਰੇ ਆਸ਼ਿਕ ਅਲੀ ਉਰਫ਼ ਭਾਈ ਲਾਲ ਦੇ ਨਾਮ ਵਜੋਂ ਜਾਣੇ ਜਾਂਦੇ ਹਨ। ਅੱਜ ਇਹ ਇਹ ਖੋਜ-ਪੱਤਰ ਭਾਈ ਲਾਲ (ਆਸ਼ਿਕ ਅਲੀ) ਨਾਲ ਸਬੰਧਿਤ ਹੈ, ਜਿਨ੍ਹਾਂ ਨੂੰ ਭਾਈ ਮਰਦਾਨਾ ਜੀ ਦੀ 17ਵੀਂ ਪੀੜ੍ਹੀ ਵਜੋਂ ਵੀ ਜਾਣਿਆਂ ਜਾਂਦਾ ਹੈ।

**ਜਨਮ ਅਤੇ ਸੰਗੀਤ ਸਿੱਖਿਆ:** ਆਸ਼ਿਕ ਅਲੀ ਉਰਫ਼ ਭਾਈ ਲਾਲ ਦਾ ਜਨਮ 1929 ਵਿਚ ਗੋਇੰਦਵਾਲ ਵਿਖੇ ਹੋਇਆ। ਆਪ ਦੇ ਪਿਤਾ ਰਬਾਬੀ ਭਾਈ ਰਹਿਮਤ ਅਲੀ ਗੁਰਦੁਆਰਾ ਬਾਉਲੀ ਸਾਹਿਬ, ਗੋਇੰਦਵਾਲ ਵਿਖੇ ਹੀ ਹਜ਼ੂਰੀ ਰਾਗੀ ਸਨ। ਆਪ ਦੀ ਮਾਤਾ ਦਾ ਨਾਮ ਵੀਰਾਂ ਸੀ। ਆਪ ਕੁੱਲ 8 ਭਰਾ ਸਨ, ਜਿਨ੍ਹਾਂ ਵਿਚੋਂ 4 ਭਰਾ ਕੀਰਤਨ ਕਰਦੇ ਸਨ ਅਤੇ 4 ਭਰਾ ਕਾਰੋਬਾਰ ਕਰਦੇ ਸਨ। ਭਾਈ ਲਾਲ ਉਨ੍ਹਾਂ ਕੀਰਤਨੀਆਂ ਵਿਚੋਂ ਇਕ ਸਨ। ਭਾਈ ਲਾਲ ਦੇ ਪਿਤਾ ਵਾਂਗ ਉਨ੍ਹਾਂ ਦੇ ਚਾਚਾ ਚਿਰਾਗਦੀਨ ਵੀ ਹਜ਼ੂਰੀ ਰਾਗੀ ਸਨ। ਭਾਈ ਸਾਹਿਬ ਨੇ ਕੀਰਤਨ ਦੀ ਮੁੱਢਲੀ ਸਿੱਖਿਆ ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤੀ ਅਤੇ ਨਾਲ-ਨਾਲ ਚਾਚਾ ਚਿਰਾਗਦੀਨ ਨੇ ਆਸ਼ਿਕ ਅਲੀ ਨੂੰ ਛੋਟੀ ਉਮਰ ਤੋਂ ਹੀ ਕੀਰਤਨ ਦੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ।

ਸੰਨ 1940 ਵਿਚ ਗਿਆਰਾਂ ਸਾਲ ਦੀ ਉਮਰ ਵਿਚ ਭਾਈ ਲਾਲ ਜੀ ਨੇ ਲਗਭਗ ਦੋ ਸਾਲ ਭਾਈ ਘਸੀਟਾ ਜੀ ਤੋਂ ਹਾਰਮੋਨੀਅਮ ਵਜਾਉਣ ਦੀ ਚੰਗੇ ਪੱਧਰ ਤੇ ਸਿੱਖਿਆ ਪ੍ਰਾਪਤ ਕੀਤੀ। 1942 ਵਿਚ ਭਾਈ ਘਸੀਟਾ ਨੇ ਲਾਲ ਜੀ ਨੂੰ ਭਾਈ ਚਾਂਦ ਜੀ ਕੋਲ ਕੀਰਤਨ ਦੀ ਸਿਖਲਾਈ ਲਈ ਭੇਜ ਦਿੱਤਾ, ਜੋ ਕਿ ਮਹਾਨ ਰਬਾਬੀ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਹਜ਼ੂਰੀ ਰਾਗੀ ਸਨ। ਭਾਈ ਲਾਲ ਨੇ ਪਰੰਪਰਾਗਤ ਢੰਗ ਨਾਲ ਭਾਈ ਚਾਂਦ ਪਾਸੋਂ ਕੀਰਤਨ ਦੀ ਸਿਖਲਾਈ ਪ੍ਰਾਪਤ ਕੀਤੀ। ਭਾਈ ਚਾਂਦ ਕਈ ਵਾਰ ਭਾਈ ਲਾਲ ਨੂੰ ਅਭਿਆਸ ਦੇ ਤੌਰ ਤੇ ਆਪਣੇ ਨਾਲ ਕੀਰਤਨ ਕਰਨ ਲਈ ਦਰਬਾਰ ਸਾਹਿਬ ਲੈ ਜਾਂਦੇ। 'ਇੱਕ ਦਿਨ ਭਾਈ ਲਾਲ ਜੀ ਕੀਰਤਨ ਸਮੇਂ ਰਾਗਾਂ ਵਿਚ ਅਜਿਹੇ ਮਸਤ ਹੋਏ ਕਿ ਉਨ੍ਹਾਂ ਨੇ ਭਾਈ ਚਾਂਦ ਦੇ ਕੀਰਤਨ ਕਰਦੇ ਹੋਏ ਵਿੱਚੇ ਹੀ ਆਪ ਮੁਹਾਰੇ ਆਲਾਪ ਲਾਉਣਾ ਸ਼ੁਰੂ ਕਰ ਦਿੱਤਾ, ਜਿਸ ਤੋਂ ਭਾਈ ਚਾਂਦ ਜੀ ਨੇ ਗੁੱਸੇ ਹੋ ਕੇ ਕੀਰਤਨ ਸਿਖਾਉਣਾ ਬੰਦ ਕਰ ਦਿੱਤਾ ਤੇ ਕਿਹਾ, " ਲਾਲ ਅੱਜ ਤੋਂ ਬਾਅਦ ਮੇਰੇ ਸਾਹਮਣੇ ਨਾ ਆਵੀਂ।"'ਇਸ ਗੱਲ ਤੋਂ ਬਾਅਦ ਜਦੋਂ ਵੀ ਭਾਈ ਚਾਂਦ ਦਰਬਾਰ ਸਾਹਿਬ ਕੀਰਤਨ ਕਰਦੇ ਤਾਂ ਭਾਈ ਲਾਲ ਦਰਵਾਜ਼ੇ ਪਿੱਛੇ ਛਿਪ ਕੇ ਕੀਰਤਨ ਸੁਣਦੇ ਅਤੇ ਘਰ ਜਾ ਕੇ ਉਸਦਾ ਰਿਆਜ਼ ਕਰਦੇ। ਇਸ ਤਰ੍ਹਾਂ ਆਪ ਉੱਚ ਕੋਟੀ ਦੇ ਕੀਰਤਨੀਏ ਬਣ ਗਏ।

**ਵਿਆਹ ਅਤੇ ਸੰਤਾਨ:** ਭਾਈ ਲਾਲ ਦਾ ਵਿਆਹ 16 ਸਾਲ ਦੀ ਉਮਰ ਵਿਚ ਬੀਬੀ ਅੱਲਾ ਰੱਖੀ ਨਾਲ ਹੋਇਆ, ਜੋ ਦੋ ਸਾਲ ਬਾਅਦ ਬੇ-ਔਲਾਦ ਹੀ ਦੁਨੀਆਂ ਤੋਂ ਰੁਖ਼ਸਤ ਹੋ ਗਏ। ਭਾਰਤ ਪਾਕਿਸਤਾਨ ਦੀ ਵੰਡ ਮਗਰੋਂ ਆਪ ਪਰਿਵਾਰ ਸਹਿਤ ਚੂਨਾ ਮੰਡੀ, ਲਾਹੌਰ ਵਿਖੇ ਰਬਾਬੀਆਂ ਵਾਲੀ ਗਲੀ ਜਾ ਵੱਸੇ। ਉਥੇ ਉਹਨਾਂ ਦਾ ਦੂਸਰਾ ਵਿਆਹ 19 ਸਾਲ ਦੀ ਉਮਰ ਵਿਚ ਬੇਗਮ ਲਤੀਫ਼ਾ ਨਾਲ ਹੋਇਆ, ਜਿਨ੍ਹਾਂ ਤੋਂ ਭਾਈ ਲਾਲ ਦੇ 4 ਪੁੱਤਰ ਅਤੇ 3 ਧੀਆਂ ਹੋਈਆਂ। ਆਪ ਦੀ ਸੰਤਾਨ ਵਿੱਚੋਂ ਸਭ ਤੋਂ ਛੋਟੇ ਪੁੱਤਰ ਨਈਅਮ ਤਾਹਿਰ ਲਾਲ ਨੇ ਆਪਣੇ ਪਿਤਾ ਪਾਸੋਂ ਕੀਰਤਨ ਦੀ ਤਾਲੀਮ ਲਈ ਅਤੇ ਉਹਨਾਂ ਦੇ ਜੱਥੇ ਵਿਚ ਸ਼ਾਮਿਲ ਹੋਏ।

**ਭਾਰਤ ਵੰਡ ਤੋਂ ਬਾਅਦ ਦਾ ਸੰਘਰਸ਼:** ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਅਦ ਭਾਈ ਲਾਲ ਨੂੰ ਕੀਰਤਨ ਨਿਰੰਤਰ ਜਾਰੀ ਰੱਖਣ ਲਈ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਪਾਕਿਸਤਾਨ ਵਿਚ ਸਿੱਖ ਭਾਈਚਾਰਾ ਘੱਟ ਹੋਣ ਕਰਕੇ ਕੀਰਤਨ ਦੇ ਜ਼ਿਆਦਾ ਪ੍ਰੋਗਰਾਮ ਨਹੀਂ ਸਨ ਹੁੰਦੇ। ਪਾਕਿਸਤਾਨ ਵਿਚ ਰਹਿ ਕੇ ਭਾਈ ਲਾਲ ਨੇ ਲਗਭਗ ਸੱਤ ਸਾਲ ਹਾਫ਼ਿਜ ਅੱਤਾ ਮੁਹੰਮਦ ਨਾਲ ਕੱਵਾਲੀ ਗਾਈ ਅਤੇ ਫਿਰ ਆਪਣਾ ਵੱਖਰਾ ਗਰੁੱਪ ਆਸ਼ਿਕ ਅਲੀ ਕੱਵਾਲ ਤੇ ਹਮਨਵਾਜ਼ ਬਣਾ ਲਿਆ, ਜੋ ਬਹੁਤ ਜਲਦ ਪਾਕਿਸਤਾਨ ਦੇ ਲੋਕਾਂ ਵਿਚ ਮਕਬੂਲ ਹੋਇਆ। "ਲਾਹੌਰ ਰੇਡੀਉ ਉੱਤੇ ਇਕ ਵਾਰ ਕੀਰਤਨੀਏ ਦੀ ਜ਼ਰੂਰਤ ਪੈ ਗਈ। ਜਿੰਨੇ ਵੀ ਰਬਾਬੀ ਸਨ ਉਹ ਰੇਡੀਉ ਪਾਕਿਸਤਾਨ ਵਿਚ ਡਿਊਟੀ ਕਰਦੇ ਸਨ, ਪਰੰਤੂ ਕੋਈ ਰਬਾਬੀ ਅੱਗੇ ਨਹੀਂ ਆਇਆ। ਸਿਰਫ ਭਾਈ ਲਾਲ ਅੱਗੇ ਆਏ। ਪ੍ਰੋਗਰਾਮ ਦਾ ਨਾਮ ਸੀ ਪੰਜਾਬੀ ਦਰਬਾਰ ਉਸ ਦੌਰ ਵਿਚ ਰੇਡੀਉ ਦਾ ਜ਼ਮਾਨਾ ਹੋਣ ਕਾਰਨ ਭਾਈ ਲਾਲ ਦੀ ਇਕ ਵੱਖਰੀ ਪਹਿਚਾਣ ਬਣੀ। ਉਸ ਸਮੇਂ ਅਸਟ੍ਰੇਲੀਆ, ਬਰਮਿੰਘਮ ਆਦਿ ਜਿਹੇ ਦੇਸ਼ਾਂ ਦੇ ਲੋਕ ਵੀ 8-8 ਦਿਨ ਭਾਈ ਸਾਹਿਬ ਦੇ ਪ੍ਰੋਗਰਾਮ ਦਾ ਇੰਤਜ਼ਾਰ ਕਰਦੇ ਸਨ।"

**ਭਾਰਤ ਦਾ ਦੌਰਾ:** ਵੰਡ ਤੋਂ ਬਾਅਦ ਭਾਈ ਲਾਲ ਦਾ ਸੰਨ 1955 ਤੋਂ ਭਾਰਤ ਵਿਖੇ ਕੀਰਤਨ ਕਰਨ ਦਾ ਸਿਲਸਿਲਾ ਦੁਬਾਰਾ ਸ਼ੁਰੂ ਹੋਇਆ, ਜੋ ਲਗਭਗ 1964 ਤਕ ਜਾਰੀ ਰਿਹਾ। ਇਸ ਸਮੇਂ ਦੌਰਾਨ ਉਹਨਾਂ ਨੇ ਭਾਰਤ ਆ ਕੇ ਕਈ ਪ੍ਰੋਗਰਾਮ ਕੀਤੇ ਅਤੇ ਵੱਖ-ਵੱਖ ਮੌਕਿਆਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਹਾਜ਼ਰੀ ਭਰੀ ਪ੍ਰੰਤੂ ਇਕ ਵਾਰ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਈ ਸਾਹਿਬ ਨੂੰ ਕੀਰਤਨ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਤਾਂ ਆਪ ਨੇ ਪਰਿਕਰਮਾ ਵਿਚ ਖਲੋ ਕੇ ਸੱਚੇ ਮਨ ਨਾਲ ਗੁਰੂ ਰਾਮਦਾਸ ਜੀ ਦਾ ਧਿਆਨ ਧਰ ਕੇ ਅਰਦਾਸ ਕੀਤੀ। ਅਰਦਾਸ ਕਰਕੇ ਭਾਈ ਸਾਹਿਬ ਬੈਠੇ ਹੀ ਸਨ ਕਿ ਬਾਜ਼ਾਰ ਮਾਈ ਸੇਵਾ ਵਿਚ ਕਿਤਾਬਾਂ ਦੇ ਛਾਪਕ ਭਾਈ ਚਤਰ ਸਿੰਘ-ਜੀਵਨ ਸਿੰਘ ਹੋਰਾਂ ਨੇ ਸ਼੍ਰੋਮਣੀ ਕਮੇਟੀ ਤੋਂ ਇਜਾਜ਼ਤ ਲੈ ਕੇ ਦਿੱਤੀ ਤਾਂ ਭਾਈ ਲਾਲ ਦੇ ਜੱਥੇ ਨੇ ਕੀਰਤਨ ਕੀਤਾ।

1965 ਦੇ ਹਿੰਦ-ਪਾਕਿ ਦੇ ਯੁੱਧ ਕਾਰਨ ਇਕ ਵਾਰ ਫਿਰ ਤੋਂ ਭਾਰਤ ਯਾਤਰਾ ਤੇ ਪਾਬੰਦੀ ਲਗਾ ਦਿੱਤੀ ਗਈ, ਜੋ ਕਿ 1980 ਤਕ ਕਾਇਮ ਰਹੀ। "1980 ਵਿਚ ਪ੍ਰਧਾਨ ਸ. ਗੁਰਚਰਨ ਸਿੰਘ 'ਟੋਹੜਾ' ਤੇ ਮਾਸਟਰ ਤਾਰਾ ਸਿੰਘ ਦੀ ਧੀ ਬੀਬੀ ਰਜਿੰਦਰ ਕੌਰ ਨੇ ਲਾਹੌਰ ਆ ਕੇ ਰਾਸ਼ਟਰਪਤੀ ਜਿਆ ਓਲ ਹੱਕ ਨਾਲ ਮੁਲਾਕਾਤ ਕਰਕੇ ਰਾਗੀ ਭਾਈ ਲਾਲ ਆਸ਼ਿਕ ਅਲੀ ਜੀ ਲਈ ਭਾਰਤੀ ਪੰਜਾਬ ਦੇ ਦੌਰੇ ਦੀ ਇਜ਼ਾਜਤ ਮੰਗੀ, ਜਿਸਤੇ ਰਾਸ਼ਟਰਪਤੀ ਨੇ ਕਿਹਾ ਕਿ ਬਾਬਾ ਨਾਨਕ ਜੀ ਸਾਡੇ ਸਾਰਿਆਂ ਦੇ ਸਾਂਝੇ ਹਨ ਤੇ ਮੈਂ ਖੁਦ ਭਾਈ ਲਾਲ ਜੀ ਦਾ ਸਮਾਨ ਸਿਰ ਉੱਤੇ ਚੁੱਕ ਕੇ ਵਾਹਗਾ ਬਾਰਡਰ ਉੱਤੇ ਛੱਡਣ ਆਵਾਂਗਾ। ਰਾਸ਼ਟਰਪਤੀ ਦੇ ਹੁਕਮ ਤੇ ਭਾਈ ਲਾਲ ਜੀ ਦੇ ਸਾਰੇ ਜੱਥੇ ਦੇ ਪਾਸਪੋਰਟ ਬਣਵਾਏ ਗਏ ਤੇ ਅਕਤੂਬਰ 1980 ਵਿਚ ਭਾਰਤ ਜਾ ਕੇ ਵੱਖ-ਵੱਖ ਗੁਰੂ ਘਰਾਂ ਵਿਚ ਅਨੇਕਾਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।" ਭਾਈ ਸਾਹਿਬ ਨੇ ਭਾਰਤ ਦੇ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਦਿੱਲੀ, ਸਹਾਰਨਪੁਰ, ਬੰਬਈ, ਰਾਂਚੀ, ਪਟਨਾ ਸਾਹਿਬ ਆਦਿ ਕਈ ਸ਼ਹਿਰਾਂ ਦਾ ਦੌਰਾ ਕੀਤਾ ਅਤੇ ਕੀਰਤਨ ਹਾਜ਼ਰੀਆਂ ਭਰੀਆਂ। ਭਾਰਤ ਦੇ ਇਸ ਦੌਰੇ ਦੌਰਾਨ ਭਾਈ ਲਾਲ ਦੇ ਨਾਲ ਉਹਨਾਂ ਦੇ ਭਰਾ ਖੁਸ਼ੀ ਮੁਹੰਮਦ, ਮੁਹੰਮਦ ਹੁਸੈਨ, ਤੇ ਵੱਡੇ ਭਾਈ ਇਰਸ਼ਾਦ ਅਹਿਮਤ ਸਨ।

ਵਿਦੇਸ਼ੀ ਦੌਰਾ: ਆਪ ਨੇ ਭਾਰਤ ਦੇ ਕਈ ਸ਼ਹਿਰਾਂ ਦੇ ਨਾਲ-ਨਾਲ ਵਿਦੇਸ਼ੀ ਮੁਲਕਾਂ ਦਾ ਵੀ ਦੌਰਾ ਕੀਤਾ, ਜਿਹਨਾਂ ਵਿਚ ਇੰਗਲੈਂਡ ਅਤੇ ਹਾਂਗਕਾਂਗ ਜ਼ਿਕਰਯੋਗ ਹਨ। ਇੰਗਲੈਂਡ ਵਿਚ ਇਕ ਵਾਰ ਭਾਈ ਸਾਹਿਬ ਦੇ ਕੀਰਤਨ ਵਿਚ ਸੰਗਤ ਐਨੀ ਮਗਨ ਹੋ ਗਈ ਕਿ ਸਟੇਜ ਸੈਕਟਰੀ ਨੂੰ ਵੀ ਪਤਾ ਨਹੀਂ ਲੱਗਿਆ ਕਿ ਕਦੋਂ ਇਕ ਘੰਟਾ ਲੰਘ ਗਿਆ ਜਦ ਕਿ ਹਰ ਜੱਥੇ ਦਾ ਕੀਰਤਨ ਕਰਨ ਦਾ ਸਮਾਂ 15-15 ਮਿੰਟ ਦਾ ਸੀ। ਇੰਗਲੈਂਡ ਅਤੇ ਹਾਂਗਕਾਂਗ ਤੋਂ ਇਲਾਵਾ ਭਾਈ ਸਾਹਿਬ ਨੂੰ 1989-90 ਵਿਚ ਅਮਰੀਕਾ ਦੇ ਸਿੱਖਾਂ ਨੇ ਵੀ ਸੱਦਾ-ਪੱਤਰ ਭੇਜਿਆ, ਪਰੰਤੂ ਅਮਰੀਕਾ ਦੀ ਐਂਬੈਸੀ ਨੇ ਵੀਜ਼ਾ ਨਾ ਦਿੱਤਾ।

**ਇਕ ਚੰਗੇ ਸੰਗੀਤਕਾਰ:** ਭਾਈ ਲਾਲ ਬਹੁਤ ਹੀ ਗੁਣਵਾਨ ਅਤੇ ਸੁਰੀਲੇ ਕੀਰਤਨੀਏ ਵਜੋਂ ਜਾਣੇ ਜਾਂਦੇ ਹਨ। ਆਪ ਨੂੰ ਸੰਗਤ ਜੋ ਵੀ ਫ਼ਰਮਾਇਸ਼ ਕਰਦੀ ਆਪ ਤੁਰੰਤ ਪੂਰੀ ਕਰ ਦਿੰਦੇ। ਉਹਨਾਂ ਦੀ ਇਸ ਖ਼ੂਬੀ ਨੂੰ ਵੇਖ ਕੇ ਲੋਕ ਕਈ ਵਾਰ ਹੈਰਾਨ ਹੋ ਜਾਂਦੇ। "ਇਕ ਵਾਰ 2005-06 ਵਿਚ ਪ੍ਰਮੋਟਰ ਸੰਦੀਪ ਭਾਟੀਆ ਨੇ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ ਕਲਾਸੀਕਲ ਪੁਰਾਤਨ ਰਾਗਾਂ ਦੇ ਵਿਦਵਾਨਾਂ ਨੂੰ ਸੱਦ ਕੇ ਇਕ ਮਹਾਨ ਕੀਰਤਨ ਸਮਾਗਮ ਕਰਵਾਇਆ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਦੀ ਮਿਸਿਜ਼ ਗੁਰਸ਼ਰਨ ਕੌਰ ਜੀ ਤੇ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦਿਕਸ਼ਿਤ ਜੀ ਨੇ ਆਉਣਾ ਸੀ। ਸੰਦੀਪ ਨੇ ਭਾਈ ਲਾਲ ਜੀ ਨੂੰ ਪੁੱਛਿਆ ਕਿ ਕਿਹੜਾ ਸ਼ਬਦ ਤੇ ਕਿਸ ਰਾਗ ਵਿਚ ਸੁਣਾਉਗੇ ਤਾਂ ਉਸਨੂੰ ਜਵਾਬ ਮਿਲਿਆ, "ਜੋ ਰੱਬ ਦਾ ਹੁਕਮ ਹੋਵੇਗਾ ਉਹੀ ਸ਼ਬਦ ਗਾਵਾਂਗੇ" ਫਿਰ ਕੁਝ ਸਮੇਂ ਬਾਅਦ ਸੰਦੀਪ ਭਾਟੀਆ ਨੇ ਆ ਕੇ ਕਿਹਾ ਭਾਈ ਲਾਲ ਜੀ ਤੁਸੀਂ ਕੁਝ ਰਿਆਜ਼ ਪ੍ਰੈਕਟਿਸ ਕਰ ਲਵੋ, ਆਪ ਜੀ ਦਾ ਸਮਾਂ ਆਉਣ ਵਾਲਾ ਹੈ ਤਾਂ ਭਾਈ ਲਾਲ ਜੀ ਨੇ ਆਪਣੇ ਭਰਾ ਮੁਹੰਮਦ ਹੁਸੈਨ ਨੂੰ ਕਿਹਾ ਵਜਾਉ ਤਬਲਾ ਤਾਂ ਉਹਨਾਂ ਨੇ ਹਾਰਮੋਨੀਅਮ ਨਾਲ ਤਬਲੇ ਦੀ ਸੁਰ-ਤਾਲ ਮੇਲ ਕੇ ਕਿਹਾ ਐਹ ਲਉ ਜੀ ਹੋ ਗਿਆ ਰਿਆਜ਼, ਇਹ ਵੇਖ ਕੇ ਭਾਟੀਆ ਚੁੱਪ ਕਰ ਗਿਆ।" ਇਸ ਤਰ੍ਹਾਂ ਕਈ ਥਾਵਾਂ ਤੇ ਭਾਈ ਸਾਹਿਬ ਮੌਕੇ ਤੇ ਸਮੇਂ ਦੀ ਨਜ਼ਾਕਤ ਨੂੰ ਸਮਝ ਕੇ ਕੀਰਤਨ ਹਾਜ਼ਰੀ ਭਰ ਦਿੰਦੇ।

**ਪ੍ਰਮੁੱਖ ਰਿਕਾਰਡਿੰਗਜ਼:** ਆਪ ਨੇ ਦਿੱਲੀ ਦੀ ਇਕ ਕੰਪਨੀ ਤੋਂ ਛੇ ਸ਼ਬਦਾਂ ਦੀ ਕੈਸੇਟ ਰਿਕਾਰਡ ਕਰਵਾਈ, ਜੋ ਇਕ ਕੀਰਤਨ ਸਮਾਗਮ ਤੋਂ ਬਾਅਦ ਰਿਕਾਰਡਿੰਗ ਕੰਪਨੀ ਦੇ ਮਾਲਕ ਦੇ ਕਹਿਣ ਤੇ ਭਾਈ ਲਾਲ ਨੇ ਬਿਨਾਂ ਕਿਸੀ ਤਿਆਰੀ ਦੇ ਕਰਵਾਈ। ਇਸ ਤੋਂ ਇਲਾਵਾ ਯੂ-ਟਿਊਬ ਉੱਤੇ ਉਹਨਾਂ ਦੀਆਂ ਜਿਆਦਾਤਰ ਆਡੀਉ ਅਤੇ ਕੁਝ ਵੀਡੀਉ ਰਿਕਾਰਡਿੰਗਜ਼ ਮਿਲਦੀਆਂ ਹਨ, ਜਿਨ੍ਹਾਂ ਵਿਚਲਾ ਗਾਇਨ ਪ੍ਰਮਾਣਾਂ ਸਹਿਤ ਸੁਣਨ ਨੂੰ ਮਿਲਦਾ ਹੈ। ਗੁਰਬਾਣੀ ਕੀਰਤਨ ਤੋਂ ਇਲਾਵਾ ਉਹਨਾਂ ਦੇ ਗਰੁੱਪ ਦੀ ਗਾਈ ਕੱਵਾਲੀ ਬਾਰੇ ਵੀ ਜ਼ਿਕਰ ਮਿਲਦਾ ਹੈ ਪੰਤੂ ਇੰਟਰਨੈੱਟ ਤੇ ਇਸ

ਦੀ ਕੋਈ ਰਿਕਾਰਡਿੰਗ ਉਪਲਬਧ ਨਹੀਂ ਹੈ।

**ਭਾਈ ਲਾਲ ਦੁਆਰਾ ਗਾਏ ਪ੍ਰਮੁੱਖ ਸ਼ਬਦ:** ਆਪ ਦੇ ਗਾਏ ਕੁਝ ਸ਼ਬਦਾਂ ਦੀ ਰਿਕਾਰਡਿੰਗ ਇੰਟਰਨੈੱਟ ਉੱਤੇ ਉਪਲਬਧ ਹੈ, ਜੋ ਭਾਰਤ ਅਤੇ ਵਿਦੇਸ਼ਾਂ ਦੀਆਂ ਵੱਖ-ਵੱਖ ਸਟੇਜਾਂ ਤੇ ਗਾਏ ਹੋਏ ਦਿਖਾਈ ਦਿੰਦੇ ਹਨ। ਉਹਨਾਂ ਦੁਆਰਾ ਗਾਇਨ ਕੀਤੇ ਸ਼ਬਦਾਂ ਵਿਚ - ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ, ਕਬੀਰ ਤੂੰ ਤੂੰ ਕਰਤਾ ਤੂ ਹੂਆ, ਰੈਨ ਗਈ ਮਤਿ ਦਿਨੁ ਭੀ ਜਾਇ, ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ਅਤੇ ਹੋਰ ਕਈ ਸ਼ਬਦ ਯੂ-ਟਿਊਬ 'ਤੇ ਕੀਰਤਨ ਸੇਵਾ ਨਾਮ ਦੇ ਬਣੇ ਪੇਜ ਉੱਤੇ ਦੇਖੇ ਅਤੇ ਸੁਣੇ ਜਾ ਸਕਦੇ ਹਨ। ਭਾਈ ਸਾਹਿਬ ਜ਼ਿਆਦਾਤਰ ਰਾਗਾਂ ਵਿਚ ਹੀ ਕੀਰਤਨ ਕਰਦੇ ਜਿਸ ਵਿਚ ਆਪ ਆਲਾਪ, ਤਾਨਾਂ ਅਤੇ ਪ੍ਰਮਾਣਾਂ ਸਹਿਤ ਗੁਰਬਾਣੀ ਦਾ ਗਾਇਨ ਕਰਦੇ ਸਨ। ਰੋਜ਼ਾਨਾ ਸਵੇਰੇ ਉੱਠ ਕੇ ਨਮਾਜ਼ ਪੜ੍ਹਨਾ ਅਤੇ ਬਾਅਦ ਵਿਚ ਸ਼ਾਹਮੁਖੀ ਵਿਚ ਪ੍ਰਮਾਣਾਂ ਸਹਿਤ ਗੁਰਬਾਣੀ ਸ਼ਬਦ ਲਿਖਣਾ ਭਾਈ ਸਾਹਿਬ ਦਾ ਨਿਤ ਦਾ ਨੇਮ ਸੀ ਜਿਸ ਕਾਰਨ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਜੁਬਾਨੀ ਕੰਠ ਸਨ।

**ਸਨਮਾਨ ਪ੍ਰਾਪਤੀਆਂ:** ਭਾਈ ਲਾਲ ਨੇ ਪੁਰਾਤਨ ਕੀਰਤਨ ਸ਼ੈਲੀ ਆਪਣੇ ਉਸਤਾਦ ਭਾਈ ਚਾਂਦ ਤੋਂ ਸਿੱਖੀ ਅਤੇ ਉਸੇ ਪਰੰਪਰਾ ਨੂੰ ਅੱਗੇ ਵਧਾਇਆ। ਇਸ ਕੀਰਤਨ ਪਰੰਪਰਾ ਕਾਰਨ ਸਿੱਖ ਸੰਗਤਾਂ ਨੇ ਉਹਨਾਂ ਦੁਆਰਾ ਕੀਤੇ ਕੀਰਤਨ ਨੂੰ ਹਮੇਸ਼ਾ ਸਰਾਹਿਆ। ਆਪ ਨੂੰ ਕਈ ਅਵਾਰਡ ਪ੍ਰਾਪਤ ਹੋਏ, ਜਿਹਨਾਂ ਵਿਚ ਦਿੱਲੀ ਗੁਰਦੁਆਰਾ ਕਮੇਟੀ, ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਦਮਦਮੀ ਟਕਸਾਲ ਆਦਿ ਨਾਮਵਰ ਸੰਸਥਾਵਾਂ ਦੇ ਨਾਮ ਵਰਣਨਯੋਗ ਹਨ। "ਇਸਤੋਂ ਇਲਾਵਾ ਆਪ ਨੂੰ ਮੋਗਾ ਵਿਖੇ ਸੰਤ ਬਾਬਾ ਅਜਮੇਰ ਸਿੰਘ 'ਰੱਬ' ਜੀ ਦੀ ਸਾਲਾਨਾ ਬਰਸੀ ਦੇ ਮੌਕੇ ਸੰਤ ਮਸਕੀਨ ਜੀ ਦੀ ਮੌਜੂਦਗੀ ਵਿਚ 'ਭਾਈ ਮਰਦਾਨਾ ਜੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ"

**ਭਾਈ ਮਰਦਾਨਾ ਜੀ ਦੀ 18ਵੀਂ ਅਤੇ 19ਵੀਂ ਪੀੜ੍ਹੀ:** ਭਾਈ ਲਾਲ ਪਾਸੋਂ ਆਪ ਦੇ ਪੁੱਤਰ ਭਾਈ ਨਈਅਮ ਤਾਹਿਰ ਲਾਲ (ਪੁੱਤਰ) ਅਤੇ ਭਾਈ ਸਰਫ਼ਰਾਜ ਲਾਲ (ਪੋਤਰਾ) ਨੇ ਗੁਰਬਾਣੀ ਕੀਰਤਨ ਦੀ ਸਿੱਖਿਆ ਹਾਸਿਲ ਕੀਤੀ ਅਤੇ ਭਾਈ ਲਾਲ ਨਾਲ ਉਹ ਦੇਸ਼ਾਂ-ਵਿਦੇਸ਼ਾਂ ਵਿਚ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਅਜੋਕੇ ਸਮੇਂ ਵੀ ਇਹਨਾਂ ਨੇ ਭਾਈ ਮਰਦਾਨਾ ਜੀ ਦੀ ਵਿਰਾਸਤ ਨੂੰ ਕਾਇਮ ਰੱਖਿਆ ਹੈ ਅਤੇ ਆਪਣੇ ਵੱਡਿਆਂ ਦੇ ਪਾਏ ਪੂਰਨਿਆਂ ਤੇ ਚਲ ਰਹੇ ਹਨ। "ਸ਼੍ਰੋਮਣੀ ਕਮੇਟੀ ਨੇ ਭਾਈ ਮਰਦਾਨੇ ਦੀ ਇਸ ਕੀਰਤਨ ਪਰੰਪਰਾ ਨੂੰ ਕਾਇਮ ਰੱਖਣ ਲਈ ਉਹਨਾਂ ਨੂੰ ਕਰੋਨਾ ਦੇ ਟਾਇਮ ਤੋਂ ਪਹਿਲਾਂ ਭਾਰਤੀ 21000 ਰੁਪਏ ਪੈਨਸ਼ਨ ਲਗਾਈ ਜੋ 3 ਪਰਿਵਾਰ ਆਪਸ ਵਿਚ ਵੰਡਦੇ ਹਨ।"

**ਭਾਈ ਲਾਲ ਜੀ ਦਾ ਅੰਤਿਮ ਸਮਾਂ:** ਭਾਈ ਲਾਲ ਲਗਭਗ 70 ਸਾਲ ਕੀਰਤਨ ਕਰਦੇ ਰਹੇ। ਆਪ ਇਕ ਵਾਰ ਰੇਡੀਓ ਦਾ ਪ੍ਰੋਗਰਾਮ ਕਰਨ ਜਾ ਰਹੇ ਸਨ ਤਾਂ ਉਹਨਾਂ ਵਿਚ ਤੇਜ਼ੀ ਨਾਲ ਆ ਰਿਹਾ ਰਿਕਸ਼ਾ ਵੱਜਿਆ, ਜਿਸ ਕਾਰਨ ਉਹਨਾਂ ਦਾ ਚੂਲਾ ਟੁੱਟ ਗਿਆ। ਇਸ ਤੋਂ ਮਗਰੋਂ ਆਪ ਸੋਟੀ ਦੇ ਸਹਾਰੇ ਤੁਰਨ ਲੱਗੇ। 2010 ਵਿਚ ਉਹਨਾਂ ਨੂੰ ਅਧਰੰਗ ਦਾ ਦੌਰਾ ਹੋਣ ਕਾਰਨ ਉਹਨਾਂ ਦਾ ਇਕ ਪਾਸਾ ਨਕਾਰਾ ਹੋ ਗਿਆ। ਜਦੋਂ ਭਾਈ ਲਾਲ ਨੂੰ ਆਪਣੇ ਅੰਤਿਮ ਸਮੇਂ ਦਾ ਆਭਾਸ ਹੋਇਆ ਤਾਂ ਉਹਨਾਂ ਨੇ ਆਪਣੇ ਪੁੱਤਰ ਭਾਈ ਨਈਅਮ ਲਾਲ ਨੂੰ ਕੀਰਤਨੀ ਜੱਥੇ ਦੀ ਅਗਵਾਈ ਕਰਨ ਅਤੇ ਭਾਈ ਮਰਦਾਨੇ ਦੀ ਇਸ ਪਰੰਪਰਾ ਨੂੰ ਜਾਰੀ ਰੱਖਣ ਲਈ ਕਿਹਾ। "5 ਨਵੰਬਰ, 2012 ਨੂੰ ਭਾਈ ਮਰਦਾਨੇ ਦੀ 17ਵੀਂ ਪੀੜ੍ਹੀ ਭਾਈ ਲਾਲ ਜੀ ਇਸ ਫ਼ਾਨੀ ਦੁਨੀਆਂ ਤੋਂ ਰੁਖ਼ਸਤ ਹੋ ਗਏ। ਭਾਈ ਲਾਲ ਜੀ ਦੀ ਆਖਰੀ ਇੱਛਾ ਸੀ ਕਿ ਉਨ੍ਹਾਂ ਦੀ ਮਈਅਤ ਨੂੰ ਮਿੱਟੀ ਦੇ ਹਵਾਲੇ ਕਰਨ ਤੋਂ ਪਹਿਲਾਂ, ਉਨ੍ਹਾਂ ਦਾ ਇਸ਼ਨਾਨ ਨਨਕਾਣਾ ਸਾਹਿਬ ਦੇ ਸਰੋਵਰ 'ਚੋਂ ਪਵਿੱਤਰ ਜਲ ਲਿਆ ਕੇ ਕਰਵਾਇਆ ਜਾਵੇ ਤੇ ਉਸ ਤੋਂ ਬਾਅਦ ਹੀ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਸਪੁਰਦ-ਏ-ਖਾਕ ਕੀਤਾ ਜਾਵੇ।" ਉਹਨਾਂ ਦੇ ਪੁੱਤਰ ਅਤੇ ਪੋਤਰਿਆਂ ਵਲੋਂ ਇੱਛਾ ਅਨੁਸਾਰ ਉਹਨਾਂ ਨੂੰ ਸਪੁਰਦ-ਏ-ਖਾਕ ਕੀਤਾ ਗਿਆ, ਪ੍ਰੰਤੂ ਉਹਨਾਂ ਦੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਕਰਨ ਦੀ ਇੱਛਾ ਵੀ ਉਹਨਾਂ ਦੇ ਨਾਲ ਹੀ ਦਫ਼ਨ ਹੋ ਗਈ।

# 129, Street No. 2, Guru Nanak Nagar
Bhamian Road, Ludhiana-141010
Contact : 94782-33882

# ਨਾਮਵਰ ਕੀਰਤਨੀਏ ਭਾਈ ਮਾਨ ਸਿੰਘ ਪੰਛੀ

**ਭਾਈ ਕਰਮ ਸਿੰਘ ਰਤਨ**

ਸਿਖ ਰਾਜਪੂਤ ਕੌਮ ਦੇ ਨਾਮਵਰ ਕੀਰਤਨੀਏ ਭਾਈ ਮਾਨ ਸਿੰਘ ਪੰਛੀ ਦਾ ਨਾਮ ਸਿੱਖ ਰਾਜਪੂਤ ਕੌਮ ਵਿਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ, ਆਪ ਜੀ ਗੁਰਮਤਿ ਸੰਗੀਤ ਦੇ ਇੱਕ ਮਹਾਨ ਗਾਇਕ ਸਨ। ਆਪ ਜੀ ਦੀ ਆਵਾਜ਼ ਬਹੁਤ ਭਾਰੀ ਤੇ ਦਮਦਾਰ ਅਤੇ ਸੁਰੀਲੀ ਸੀ। ਜਿਥੇ ਆਪ ਜੀ ਸ਼ਾਸ਼ਤਰੀ ਸੰਗੀਤ ਦੇ ਗਿਆਤਾ ਸਨ ਉਥੇ ਆਪ ਜੀ ਸੁਗਮ ਸੰਗੀਤ ਦੇ ਗਾਇਨ ਵਿਚ ਬਹੁਤ ਅੱਛੀ ਮੁਹਾਰਤ ਰਖਦੇ ਸਨ। ਕੀਰਤਨ ਵਿਚ ਐਸਾ ਰਸ ਸੀ ਕਿ ਜਦੋਂ ਆਪ ਜੀ ਕੀਰਤਨ ਕਰਦੇ ਸਨ ਤਾਂ ਕਿਸੇ ਸਰੋਤੇ ਦੀ ਇਹ ਹਿੰਮਤ ਨਹੀਂ ਸੀ ਪੈਂਦੀ ਕਿ ਉਹ ਉਹਨਾਂ ਦੇ ਕੀਰਤਨ ਵਿਚੋਂ ਉਠ ਕੇ ਚਲਾ ਜਾਏ। ਆਪ ਜੀ ਕਥਾ ਵੀ ਬਹੁਤ ਕਮਾਲ ਦੀ ਕਰਦੇ ਸਨ, ਸ਼ਬਦ ਦੀ ਵਿਆਖਿਆ ਅਤੇ ਸਾਖੀ ਸੁਣਾਉਣ ਦਾ ਢੰਗ ਬਹੁਤ ਹੀ ਕਮਾਲ ਦਾ ਸੀ। ਹਾਸ ਰਸ, ਵੈਰਾਗ ਰਸ ਅਤੇ ਬੀਰ ਰਸ ਦੇ ਧਨੀ ਸਨ। ਵਿਆਖਿਆ ਵਿਚ ਆਪ ਜੀ ਸਰੋਤਿਆਂ ਨੂੰ ਬਹੁਤ ਹਸਾਉਂਦੇ ਸਨ ਅਤੇ ਜਦੋਂ ਬੀਰ ਰਸ ਸੁਣਾਉਂਦੇ ਸਨ ਤਾਂ ਸੰਗਤਾਂ ਵਾਰ ਵਾਰ ਜੈਕਾਰੇ ਹੀ ਛਡਦੀਆਂ ਰਹਿੰਦੀਆਂ ਸਨ। ਆਪ ਜੀ ਜਦੋਂ ਗੁਰਦੁਆਰਾ ਮੰਜੀ ਸਾਹਿਬ, ਅੰਬਾਲਾ ਸ਼ਹਿਰ ਵਿਖੇ ਕੀਰਤਨ ਦੀ ਡਿਊਟੀ ਕਰਦੇ ਸਨ, ਦਾਸ ਉਦੋਂ ਗੁਰਦੁਆਰਾ ਗੋਬਿੰਦ ਪੁਰਾ ਅੰਬਾਲਾ ਸ਼ਹਿਰ ਵਿਖੇ ਆਪਣੇ ਪਿਤਾ ਜੀ ਨਾਲ ਤਬਲੇ ਦੀ ਡਿਊਟੀ ਕਰਦਾ ਹੁੰਦਾ ਸੀ। ਇੱਕ ਦਿਨ ਦਾਸ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਦਰਸ਼ਨ ਕਰਨ ਚਲਾ ਗਿਆ ਤੇ ਅੱਗੇ ਭਾਈ ਮਾਨ ਸਿੰਘ ਜੀ ਪੰਛੀ ਕੀਰਤਨ ਕਰ ਰਹੇ ਸਨ। ਉਦੋਂ ਆਪ ਜੀ ਵੀ ਜਵਾਨ ਸਨ ਤੇ ਸਾਥੀ ਵੀ ਚੰਗੇ ਜਵਾਨ ਸਨ ਤੇ ਆਪ ਜੀ ਉੱਚੀ ਅਵਾਜ਼ ਵਿਚ ਕੀਰਤਨ ਗਾਇਨ ਕਰ ਰਹੇ ਸਨ 'ਜਾ ਤੂੰ ਮੇਰੇ ਵਲ ਹੈ ਤਾਂ ਕਿਆ ਮੁਹਛੰਦਾ' ਰਾਗ ਭੈਰਵੀ ਵਿਚ ਸੀ। ਸੱਚ ਜਾਣੋ, ਪਾਠਕ ਜਨੋ ਇਸ ਸ਼ਬਦ ਦਾ ਇਤਨਾ ਅਨੰਦ ਆਇਆ ਕਿ ਮੈਂ ਦਸ ਨਹੀਂ ਸਕਦਾ (ਗੂੰਗੇ ਦੀ ਮਠਿਆਈ) ਵਾਲੀ ਅਵਸਥਾ ਹੋ ਗਈ ਸੀ ਤੇ ਉਦੋਂ ਹੀ ਮੈਂ ਇਹ ਮਨ ਵਿਚ ਧਾਰ ਲਿਆ ਸੀ ਕਿ ਜੇ ਕਦੇ ਸਮਾਂ ਮਿਲਿਆ ਤਾਂ ਦਾਸ ਇਹਨਾਂ ਦੀ ਸੰਗਤ ਜ਼ਰੂਰ ਕਰੇਗਾ ਤੇ ਪੰਛੀ ਜੀ ਦੇ ਨਾਲ ਲੱਗ ਕੇ ਕੀਰਤਨ ਬਾਰੇ ਸਿੱਖੇਗਾ।

ਆਪ ਜੀ ਨੇ ਵੱਡੀਆਂ ਵੱਡੀਆਂ ਸਭਾਵਾਂ ਅਤੇ ਵੱਡੇ ਵੱਡੇ ਗੁਰਦੁਆਰਿਆਂ ਵਿਚ ਕੀਰਤਨ ਦੀ ਸੇਵਾ ਕੀਤੀ। ਜਿਸ ਤਰ੍ਹਾਂ ਕਿ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ, ਗੁਰਦੁਆਰਾ ਸਿੰਘ ਸਭਾ ਮੁਜ਼ਫ਼ਰ ਨਗਰ ਯੂ.ਪੀ., ਗੁਰਦੁਆਰਾ ਸਿੰਘ ਸਭਾ ਮੁਰਾਦਾਬਾਦ, ਗੁਰਦੁਆਰਾ ਗੁਰੂ ਨਾਨਕ ਦਰਬਾਰ ਸਿਵਲ ਲਾਈਨ ਰਾਮਪੁਰ ਯੂ.ਪੀ., ਗੁਰਦੁਆਰਾ ਗੁਰੂ ਨਾਨਕ ਸਤਸੰਗ ਸਭਾ ਕੁਹਾੜਾ ਪੀਰ ਬਰੇਲੀ, ਇਤਿਹਾਸਕ ਗੁਰਦੁਆਰਾ ਨਾਨਕ ਮਤਾ ਸਾਹਿਬ ਜ਼ਿਲ੍ਹਾ ਨੈਨੀਤਾਲ, ਗੁਰਦੁਆਰਾ ਸਿੰਘ ਸਭਾ ਲਾਟੂਸ ਰੋਡ ਕਾਨਪੁਰ ਯੂ.ਪੀ. (ਕੀਰਤਨ ਦੀ ਸੇਵਾ ਵਿਚ ਸਭ ਤੋਂ ਜ਼ਿਆਦਾ ਸਮਾਂ ਆਪ ਜੀ ਇਸ ਅਸਥਾਨ 'ਤੇ ਹੀ ਰਹੇ) ਅਤੇ ਗੁਰਦੁਆਰਾ ਐਲ ਟਾਊਨ ਸਾਕਚੀ ਟਾਟਾ ਨਗਰ ਵੀ ਆਪ ਜੀ ਕੀਰਤਨ ਦੀ ਸੇਵਾ ਕਰਦੇ ਰਹੇ।

ਭਾਈ ਮਾਨ ਸਿੰਘ ਪੰਛੀ ਜੀ ਦੇ ਦਰਸ਼ਨ ਦਾਸ ਨੂੰ ਸਭ ਤੋਂ ਪਹਿਲੀ ਵਾਰ ਪਟਿਆਲੇ ਦੇ ਰਸਤੇ ਵਿਚ ਜੋ ਬਹਾਦਰਗੜ੍ਹ ਕਿਲ੍ਹਾ ਹੈ ਉਹਦੇ ਕੋਲ ਇੱਕ ਪਿੰਡ ਹੈ ਘੜਾਮ, ਉਥੇ ਹੋਏ ਸਨ। ਉਸ ਤੋਂ ਬਾਅਦ ਆਪ ਜੀ ਜਦੋਂ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਲੱਗੇ ਹੋਏ ਸਨ ਉਦੋਂ ਹੋਏ ਸਨ। ਪੂਰਨ ਤੌਰ 'ਤੇ ਪੰਛੀ ਜੀ ਨਾਲ ਮੇਰਾ ਸੰਪਰਕ ਪਹਿਲੀ ਵਾਰ ਸੰਨ 1958 ਵਿਚ ਹੋਇਆ ਸੀ ਜਦੋਂ ਆਪ ਜੀ ਗੁਰਦੁਆਰਾ ਸਿੰਘ ਸਭਾ ਮੁਜ਼ਫ਼ਰ ਨਗਰ ਵਿਖੇ ਕੀਰਤਨ ਦੀ ਸੇਵਾ 'ਤੇ ਲੱਗੇ ਹੋਏ ਸਨ। ਉਦੋਂ ਆਪ ਜੀ ਮੈਨੂੰ ਖ਼ੁਦ ਆ ਕੇ ਰਾਜਪੁਰੇ ਤੋਂ ਮੇਰੇ ਪਿਤਾ ਜੀ ਤੋਂ ਮੰਗ ਕੇ ਤਬਲੇ 'ਤੇ ਸੰਗਤ ਕਰਨ ਲਈ ਲੈ ਕੇ ਗਏ ਸਨ। ਵੈਸੇ ਆਪ ਜੀ ਰਿਸ਼ਤੇ ਵਿਚ ਮੇਰੇ ਮਾਮਾ ਜੀ ਲਗਦੇ ਸਨ, ਕਿਉਂਕਿ ਇਹ ਪਾਕਿਸਤਾਨ ਤੋਂ ਮੇਰੀ ਮਾਤਾ ਜੀ ਦੇ ਨਾਨਕੇ ਪਿੰਡ ਤੋਂ ਸਨ ਜੋ ਕਿ ਪਿੰਡ ਗੋਬਿੰਦਪੁਰਾ ਜ਼ਿਲ੍ਹਾ ਗੁਜਰਾਤ ਵਿਚ ਸੀ। ਪਾਕਿਸਤਾਨ ਤੋਂ ਆ ਕੇ ਆਪ ਜੀ ਪਿੰਡ ਬਪਰੌਰ ਤਹਿਸੀਲ ਰਾਜਪੁਰਾ ਜ਼ਿਲ੍ਹਾ ਪਟਿਆਲਾ ਵਿਚ ਵਸ ਗਏ ਸਨ। ਆਪ ਜੀ ਦੇ ਮਾਤਾ-ਪਿਤਾ ਦਾ ਨਾਮ ਤਾਂ ਦਾਸ ਨਹੀਂ ਜਾਣਦਾ ਕਿਉਂਕਿ ਦਾਸ ਨੂੰ ਇਸ ਬਾਰੇ ਪੂਰੀ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਉਹਨਾਂ ਦੇ ਉਸਤਾਦ ਬਾਰੇ ਪੂਰੀ ਜਾਣਕਾਰੀ ਹੈ ਕਿ ਉਹਨਾਂ ਨੇ ਕਿਸ ਗੁਰੂ ਤੋਂ ਤਾਲੀਮ ਹਾਸਲ ਕੀਤੀ ਸੀ। ਇੰਨਾ ਜ਼ਰੂਰ ਸੁਣਦੇ ਰਹੇ ਹਾਂ ਕਿ ਪਿੰਡ ਗੋਬਿੰਦ ਪੁਰਾ ਦੇ ਹੀ ਇੱਕ ਰਾਗੀ ਹੁੰਦੇ ਸਨ ਭਾਈ ਭੋਲਾ ਸਿੰਘ ਜੀ, ਉਹ ਬਹੁਤ ਸਿਆਣੇ ਰਾਗੀ ਸਨ। ਉਹਨਾਂ ਦੇ ਪਿੰਡ ਦੇ ਲੋਕ ਦਸਦੇ ਹਨ ਕਿ ਭਾਈ ਭੋਲਾ ਸਿੰਘ ਜੀ ਜਦੋਂ ਗਾਉਂਦੇ ਸਨ ਤਾਂ ਆਸੇ ਪਾਸੇ ਦੇ ਪਿੰਡਾਂ

ਵਿਚ ਦੂਰ ਦੂਰ ਤੱਕ ਉਹਨਾਂ ਦੀ ਆਵਾਜ਼ ਸੁਣੀਂਦੀ ਸੀ, ਜਦ ਕਿ ਉਹਨਾਂ ਦਿਨਾਂ ਵਿਚ ਲਾਊਡ ਸਪੀਕਰ ਅਜੇ ਪ੍ਰਚਲਤ ਨਹੀਂ ਸੀ ਹੋਇਆ। ਬਹੁਤ ਸਾਰੇ ਰਾਗੀ ਉਹਨਾਂ ਤੋਂ ਪ੍ਰਭਾਵਿਤ ਹੋਏ ਅਤੇ ਬਹੁਤ ਸਾਰੇ ਰਾਗੀਆਂ ਨੇ ਉਹਨਾਂ ਤੋਂ ਸੰਗੀਤ ਦੀ ਸਿੱਖਿਆ ਲਈ ਜਿਵੇਂ ਕਿ ਭਾਈ ਮਾਨ ਸਿੰਘ ਪੰਛੀ ਜੀ, ਭਾਈ ਉੱਤਮ ਸਿੰਘ ਜੀ ਪਤੰਗ। ਇੱਕ ਭਾਈ ਜੈ ਸਿੰਘ ਹੁੰਦੇ ਸਨ ਜੋ ਕਿ ਅੱਖਾਂ ਤੋਂ ਹੀਣ ਸਨ, ਉਹ ਵੀ ਭਾਈ ਭੋਲਾ ਸਿੰਘ ਜੀ ਦੇ ਹੀ ਸ਼ਾਗਿਰਦ ਸਨ। ਇਹਨਾਂ ਨੂੰ ਮੈਂ ਆਪ ਸੁਣਿਆ ਸੀ ਇਹ ਭਾਈ ਜੈ ਸਿੰਘ ਜੀ ਸ਼ਾਸ਼ਤਰੀ ਸੰਗੀਤ ਅਤੇ ਪੁਰਾਤਨ ਰਾਗੀ ਪਰੰਪਰਾ ਦੇ ਧੁਰੰਧਰ ਸਨ, ਬਹੁਤ ਸਿਆਣੇ ਰਾਗੀ ਸਨ। ਦਾਸ ਨੇ ਉਹਨਾਂ ਨੂੰ ਗੁਰਦੁਆਰਾ ਗੋਬਿਦਪੁਰਾ ਅੰਬਾਲਾ ਸ਼ਹਿਰ ਵਿਖੇ ਸੁਣਿਆ ਸੀ। ਆਪ ਜੀ ਕੁਛ ਸਮਾਂ ਗੁਰਦੁਆਰਾ ਸਿੰਘ ਸਭਾ ਰਜਮੈਂਟ ਬਜ਼ਾਰ ਅੰਬਾਲਾ ਛਾਉਣੀ ਵਿਖੇ ਵੀ ਕੀਰਤਨ ਦੀ ਸੇਵਾ ਕਰਦੇ ਰਹੇ ਹਨ। ਪਰ ਆਪ ਜੀ ਦੇ ਅਖ਼ੀਰਲੇ ਦਿਨ ਬਹੁਤ ਹੀ ਔਖੇ ਬੀਤੇ ਸਨ। ਪਿਛਲੀ ਜ਼ਿੰਦਗੀ ਵਿਚ ਦਾਸ ਨੇ ਭਾਈ ਜੈ ਸਿੰਘ ਜੀ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਥੱਲੇ ਬਜ਼ਾਰ ਵਿਚ ਸੰਗਤਾਂ ਪਾਸੋਂ ਇੱਕ ਇੱਕ ਪੈਸਾ ਮੰਗਦੇ ਦੇਖਿਆ ਸੀ। ਉਹਨਾਂ ਦੀ ਦਸ਼ਾ ਵੇਖ ਕੇ ਮਨ ਨੂੰ ਬੜਾ ਦੁੱਖ ਹੁੰਦਾ ਸੀ ਕਿ ਸਾਡੀ ਸਿੱਖ ਕੌਮ ਦੇ ਇਤਨੇ ਗੁਣੀ ਬੰਦੇ ਇੱਕ ਇੱਕ ਪੈਸਾ ਗੁਰਦੁਆਰੇ ਦੇ ਥੱਲੇ ਅਤੇ ਪ੍ਰਬੰਧਕ ਕਮੇਟੀ ਦੇ ਨੱਕ ਥੱਲੇ ਖਲੋ ਕੇ ਮੰਗ ਰਹੇ ਹਨ। ਇਹ ਵੇਖ ਕੇ ਨਾ ਸਿੱਖ ਕੌਮ ਨੂੰ ਸ਼ਰਮ ਆਈ ਤੇ ਨਾ ਹੀ ਤਰਸ ਆਇਆ। ਤੇ ਨਾ ਹੀ ਸਾਡੀ ਰਾਜਪੂਤ ਕੌਮ ਨੂੰ ਸ਼ਰਮ ਜਾਂ ਤਰਸ ਆਇਆ ਅਤੇ ਨਾ ਹੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਧਿਆਨ ਆਇਆ ਤੇ ਨਾ ਸ਼ਰਮ ਜਾਂ ਤਰਸ ਆਇਆ। ਜਿਹੜੀਆਂ ਕਮੇਟੀਆਂ ਲੱਖਾਂ ਰੁਪਿਆ ਗੁਰਦੁਆਰਿਆਂ ਦਾ ਆਪ ਖਾ ਜਾਂਦੀਆਂ ਹਨ ਤੇ ਬੜੇ ਬੜੇ ਦਮਗਜੇ ਮਾਰਦੀਆਂ ਹਨ, ਸਾਡੀ ਸਿੱਖ ਕੌਮ ਬਸ ਉਹਨਾਂ ਮਗਰ ਹੀ ਲੱਗੀ ਰਹਿੰਦੀ ਹੈ। ਜਿਹਨਾਂ ਨੂੰ ਸਿੱਖ ਕੌਮ ਦੀ ਰਤਾ ਜਿੰਨੀ ਵੀ ਪਰਵਾਹ ਨਹੀਂ ਹੁੰਦੀ, ਜਿਹੜੇ ਇੱਕ ਘੰਟੇ ਦੇ ਕੀਰਤਨ ਦਾ ਪੰਜਾਹ ਪੰਜਾਹ ਹਜ਼ਾਰ ਰੁਪਿਆ ਮੰਗਦੇ ਹਨ ਤੇ ਅੜ ਕੇ ਸੰਗਤਾਂ ਤੋਂ ਪੈਸੇ ਵਸੂਲਦੇ ਹਨ ਇਸ ਦੇ ਉਲਟ ਜਿਹੜੇ ਕੌਮ ਦੇ ਰਾਗੀ ਮਹਾਨ ਗੁਣੀ ਹੁੰਦਿਆਂ ਹੋਇਆਂ ਵੀ ਸੰਗਤਾਂ ਤੋਂ ਪੈਸਾ ਨਹੀਂ ਮੰਗਦੇ ਉਹਨਾਂ ਨੂੰ ਕੌਮ ਪੁੱਛਦੀ ਹੀ ਨਹੀਂ। ਜੇ ਕਿਤੇ ਉਹ ਕੀਰਤਨ ਦੀ ਮਾਇਆ ਭੇਟਾ ਮੰਗ ਵੀ ਲੈਣ ਤਾਂ ਸਿੱਖ ਕੌਮ ਉਹਨਾਂ ਨੂੰ ਕਹਿੰਦੀ ਹੈ ਕਿ ਤੁਸੀਂ ਬਾਣੀ ਵੇਚਦੇ ਹੋ। ਜਿਹੜੇ ਰਾਗੀ ਸਹੀ ਅਰਥਾਂ ਵਿਚ ਬਾਣੀ ਵੇਚ ਰਹੇ ਹਨ, ਇੱਕ ਘੰਟੇ ਦੇ ਕੀਰਤਨ ਦਾ ਚਾਲ਼ੀ-ਪੰਜਾਹ ਹਜ਼ਾਰ ਰੁਪਿਆ ਸੰਗਤਾਂ ਤੋਂ ਮੰਗਦੇ ਹਨ ਉਹਨਾਂ ਨੂੰ ਕੌਮ ਮੂੰਹ ਮੰਗੀ ਮਾਇਆ ਵੀ ਦਿੰਦੀ ਹੈ ਅਤੇ ਉਹਨਾਂ ਨੂੰ ਕੋਈ ਕਹਿੰਦਾ ਵੀ ਨਹੀਂ ਕਿ ਤੁਸੀਂ ਬਾਣੀ ਵੇਚਦੇ ਹੋ। ਸੋ ਸਿੱਖ ਕੌਮ ਦੇ ਚਰਨਾਂ ਵਿਚ ਦਾਸ ਦੀ ਹੱਥ ਜੋੜ ਕੇ ਬੇਨਤੀ ਹੈ ਕਿ ਗੁਣੀ ਰਾਗੀ ਪ੍ਰਚਾਰਕ ਕੌਮ ਦੇ ਅਨਮੋਲ ਰਤਨ ਹਨ ਇਹਨਾਂ ਦੀ ਸੇਵਾ ਸੰਭਾਲ ਕਰਨੀ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਪਹਿਲਾ ਫ਼ਰਜ਼ ਹੈ ਕਿਉਂਕਿ ਇਹ ਸਿੱਖ ਕੌਮ ਦਾ ਅਨਮੋਲ ਖ਼ਜ਼ਾਨਾ ਹਨ। ਸੋ ਮੈਂ ਇਸ ਪਾਸੇ ਹੋਰ ਨਾ ਜਾਂਦਾ ਹੋਇਆ ਆਪਣੇ ਮੂਲ ਲੇਖ ਵੱਲ ਆਉਂਦਾ ਹਾਂ ਕਿ ਭਾਈ ਮਾਨ ਸਿੰਘ ਪੰਛੀ ਜੀ ਨੇ ਵੀ ਕੁਝ ਸਮਾਂ ਭਾਈ ਭੋਲਾ ਸਿੰਘ ਜੀ ਪਾਸੋਂ ਸਿੱਖਿਆ ਲਈ ਸੀ।

ਪੰਛੀ ਸਾਹਿਬ ਜਦੋਂ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ਕੀਰਤਨ ਦੀ ਸੇਵਾ ਕਰ ਰਹੇ ਸਨ ਤਾਂ ਆਪ ਜੀ ਦੇ ਸਾਥੀ ਹੁੰਦੇ ਸਨ-ਸਹਾਇਕ ਰਾਗੀ ਭਾਈ ਧਿਆਨ ਸਿੰਘ ਜੀ, ਇਹ ਵੀ ਪਿੰਡ ਬਪਰੌਰ ਦੇ ਹੀ ਸਨ ਅਤੇ ਮਾਸਟਰ ਦੀਵਾਨ ਸਿੰਘ ਜੀ ਜੋ ਕਿ ਪਿੰਡ ਸਲੇਮਪੁਰ ਸ਼ੇਖਾਂ (ਜੋ ਕਿ ਦਾਸ ਦਾ ਵੀ ਪਿੰਡ ਹੈ) ਉਥੋਂ ਦੇ ਸਨ। ਸੋ ਬਾਅਦ ਵਿਚ ਭਾਈ ਧਿਆਨ ਸਿੰਘ ਜੀ ਪੰਛੀ ਸਾਹਿਬ ਨਾਲੋਂ ਛੱਡ ਕੇ ਭਾਈ ਪਿਆਰਾ ਸਿੰਘ ਪਟਿਆਲੇ ਵਾਲਿਆਂ ਨਾਲ ਜਾ ਕੇ ਲੱਗ ਗਏ ਸਨ ਅਤੇ ਭਾਈ ਉੱਤਮ ਸਿੰਘ ਜੀ ਪਤੰਗ ਸਹਾਇਕ ਰਾਗੀ ਵਜੋਂ ਪੰਛੀ ਜੀ ਨਾਲ ਆ ਗਏ। ਇਹ ਵੀ ਪਿੰਡ ਬਪਰੌਰ ਦੇ ਹੀ ਸਨ ਅਤੇ ਭਾਈ ਭੋਲਾ ਸਿੰਘ ਜੀ ਦੇ ਸ਼ਾਗਿਰਦ ਸਨ। ਸੋ ਕੁਛ ਸਮਾਂ ਪੰਛੀ ਜੀ ਨਾਲ ਇਹਨਾਂ ਨੇ ਵਾਜੇ 'ਤੇ ਸੰਗਤ ਕੀਤੀ ਤੇ ਫਿਰ ਭਾਈ ਮਾਨ ਸਿੰਘ ਪੰਛੀ ਜੀ ਨੇ ਗੁਰਦੁਆਰਾ ਮੰਜੀ ਸਾਹਿਬ ਅੰਬਾਲੇ ਤੋਂ ਸੇਵਾ ਛੱਡ ਦਿੱਤੀ। ਭਾਈ ਉੱਤਮ ਸਿੰਘ ਜੀ ਪਤੰਗ ਪੰਛੀ ਜੀ ਦੀ ਜਗ੍ਹਾ ਹੈੱਡ ਰਾਗੀ ਬਣ ਗਏ ਤੇ ਇਸੇ ਜਗ੍ਹਾ ਗੁਰਦੁਆਰਾ ਮੰਜੀ ਸਾਹਿਬ ਕੀਰਤਨ ਦੀ ਸੇਵਾ ਤੇ ਲੱਗ ਗਏ। ਪਤੰਗ ਜੀ ਕੁਛ ਸਮਾਂ ਇਥੇ ਰਹਿ ਕੇ ਬਾਅਦ ਵਿਚ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਸਰਹੰਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਵਿਚ ਆ ਗਏ। ਆਪ ਜੀ ਦੇ ਨਾਲ ਉਦੋਂ ਸਾਥੀ ਸਨ੍ ਤਬਲੇ ਤੇ ਦਾਸ ਦੀ ਸੇਵਾ ਲੱਗੀ ਸੀ ਤੇ ਸਹਾਇਕ ਰਾਗੀ ਸਨ ਭਾਈ ਅਮੀਰ ਸਿੰਘ ਜੋ ਕਿ ਮਸ਼ਹੂਰ ਰਾਗੀ ਭਾਈ ਛਬੀਲ ਸਿੰਘ ਪਿੰਡ ਮਦਨਪੁਰ (ਚਲਹੇੜੀ) ਦੇ ਸਪੁੱਤਰ ਸਨ। ਭਾਈ ਸਾਹਿਬ ਭਾਈ ਛਬੀਲ ਸਿੰਘ ਜੀ ਵੀ ਰਾਜਪੂਤ ਬਰਾਦਰੀ ਵਿਚ ਬਹੁਤ ਮਸ਼ਹੂਰ ਰਾਗੀ ਸਨ ਅਤੇ ਆਪ ਜੀ ਦੀ ਬਹੁਤ ਬੁਲੰਦ ਆਵਾਜ਼ ਸੀ। ਆਪ ਬਹੁਤ ਉੱਚੀ ਸੁਰ ਵਿਚ ਗਾਉਂਦੇ ਸਨ। ਆਪ ਜੀ ਸਪੀਕਰ ਤੋਂ ਬਿਨਾਂ ਹੀ ਆਪਣੀ ਗਾਇਕੀ ਦਾ ਪ੍ਰਭਾਵ ਹਜ਼ਾਰਾਂ ਸਰੋਤਿਆਂ 'ਤੇ ਸਹਿਜ ਹੀ ਪਾ ਲੈਂਦੇ ਸਨ ਅਤੇ ਹਰ ਸਰੋਤੇ

ਨੂੰ ਇੰਜ ਲਗਦਾ ਸੀ ਜਿਵੇਂ ਭਾਈ ਛਬੀਲ ਸਿੰਘ ਲਾਊਡ ਸਪੀਕਰ ’ਤੇ ਹੀ ਗਾ ਰਹੇ ਹਨ। ਆਪ ਜੀ ਕੀਰਤਨ ਦੀ ਵਿਆਖਿਆ ਵਿਚ ਸਰੋਤਿਆਂ ਨੂੰ ਹਸਾ ਹਸਾ ਕੇ ਢਿੱਡੀਂ ਪੀੜਾਂ ਪਾ ਦੇਂਦੇ ਸਨ ਕਥਾ ਵਿਚ ਐਸਾ ਹਾਸ ਰਸ ਪੈਦਾ ਕਰਦੇ ਸਨ। ਭਾਈ ਅਮੀਰ ਸਿੰਘ ਕੁਛ ਸਾਲ ਪਤੰਗ ਜੀ ਨਾਲ ਰਹਿ ਕੇ ਬਾਅਦ ਵਿਚ ਭਾਈ ਕ੍ਰਿਪਾਲ ਸਿੰਘ ਜੀ ਹਜੂਰੀ ਰਾਗੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਨਾਲ ਸਹਾਇਕ ਰਾਗੀ ਦੇ ਤੌਰ ’ਤੇ ਲਗ ਗਏ ਸਨ ਜੋ ਕਿ ਦਾਸ ਦੇ ਵੀ ਉਸਤਾਦ ਸਨ। ਅਜਕਲ੍ਹ ਭਾਈ ਅਮੀਰ ਸਿੰਘ ਜੀ ਦਾ ਆਪਣਾ ਰਾਗੀ ਜਥਾ ਹੈ।

ਜਦੋਂ ਪੰਛੀ ਜੀ ਤੇ ਪਤੰਗ ਜੀ ਤੇ ਤਬਲੇ ਤੇ ਮਾਸਟਰ ਦੀਵਾਨ ਸਿੰਘ, ਅੰਬਾਲਾ ਸ਼ਹਿਰ ਵਿਖੇ ਸਨ ਉਦੋਂ ਦੋਵੇਂ ਜਵਾਨ ਸਨ, ਤੇ ਸੁਰੀਲੀਆਂ ਆਵਾਜ਼ਾਂ ਸਨ। ਜਦੋਂ ਇਹ ਜਥਾ ਕੀਰਤਨ ਕਰਦਾ ਸੀ ਤਾਂ ਸੰਗਤਾਂ ਮੰਤਰ ਮੁਗਧ ਹੋ ਜਾਂਦੀਆਂ ਸਨ। ਉਸ ਸਮੇਂ ਜ਼ਿਲ੍ਹਾ ਅੰਬਾਲਾ ਤੇ ਜ਼ਿਲ੍ਹਾ ਪਟਿਆਲਾ ਵਿਚ ਇਹੀ ਸਭ ਤੋਂ ਮਸ਼ਹੂਰ ਤੇ ਨਾਮਵਰ ਰਾਗੀ ਜਥਾ ਸੀ।

ਸੋ ਸੰਨ 1958 ਵਿਚ ਭਾਈ ਮਾਨ ਸਿੰਘ ਪੰਛੀ ਜੀ ਨੇ ਮੇਰੇ ਦਿਲ ਦੀ ਹਸਰਤ ਪੂਰੀ ਕਰ ਦਿੱਤੀ, ਜਦੋਂ ਆਪ ਜੀ ਖ਼ੁਦ ਮੈਨੂੰ ਲੈਣ ਲਈ ਰਾਜਪੁਰੇ ਆ ਗਏ ਤੇ ਮੈਨੂੰ ਨਾਲ ਲੈ ਕੇ ਗੁਰਦੁਆਰਾ ਸਿੰਘ ਸਭਾ ਮੁਜ਼ਫ਼ਰ ਨਗਰ ਯੂ.ਪੀ., ਵਿਖੇ ਕੀਰਤਨ ਦੀ ਡਿਊਟੀ ਕਰ ਲਈ। ਦਾਸ ਮੁਜ਼ਫਰ ਨਗਰ ਸਿਰਫ਼ ਤਿੰਨ ਚਾਰ ਮਹੀਨੇ ਹੀ ਰਹਿ ਸਕਿਆ ਸੀ ਕਿਉਂ ਕਿ ਮੈਂ ਬੀਮਾਰ ਹੋ ਗਿਆ ਸੀ ਤੇ ਮੁਜ਼ਫ਼ਰ ਨਗਰ ਛੱਡ ਕੇ ਆਪਣੇ ਪਿਤਾ ਜੀ ਪਾਸ ਮੇਰਠ ਚਲਾ ਗਿਆ ਸੀ। ਮੇਰੇ ਪਿਤਾ ਜੀ ਉਦੋਂ ਗੁਰਦੁਆਰਾ ਕੋਟਲਾ ਮੇਰਠ ਵਿਖੇ ਰਹਿੰਦੇ ਸਨ। ਕੁਝ ਸਮੇਂ ਬਾਅਦ ਪੰਛੀ ਜੀ ਵੀ ਮੁਜ਼ਫ਼ਰ ਨਗਰ ਛੱਡ ਕੇ ਕਾਨ੍ਹਪੁਰ ਚਲੇ ਗਏ। ਗੁਰਦੁਆਰਾ ਸਿੰਘ ਸਭਾ ਲਾਟੂਸ ਰੋਡ ਆਪ ਜੀ ਨੂੰ ਕੀਰਤਨ ਦੀ ਸੇਵਾ ਮਿਲ ਗਈ। ਉਥੇ ਇਹਨਾਂ ਦੇ ਸਾਥੀ ਸਨ, ਭਾਈ ਧਿਆਨ ਸਿੰਘ ਜੀ ਪਿੰਡ ਬਪਰੌਰ ਵਾਲੇ ਸਹਾਇਕ ਰਾਗੀ ਅਤੇ ਭਾਈ ਧਰਮ ਸਿੰਘ ਤਬਲੇ ’ਤੇ ਜੋ ਕਿ ਭਰਤਪੁਰ੍ ਰਾਜਸਥਾਨ ਦੇ ਸਨ। ਇਹ ਜਥਾ ਉਥੇ ਕੀਰਤਨ ਦੀ ਸੇਵਾ ਨਿਭਾ ਰਿਹਾ ਸੀ। ਕੁਝ ਸਮੇਂ ਬਾਅਦ ਭਾਈ ਧਰਮ ਸਿੰਘ ਜੀ ਨੇ ਪੰਛੀ ਜੀ ਨੂੰ ਅਸਤੀਫ਼ਾ ਦੇ ਦਿੱਤਾ ਕਿ ਘਰੋਗੀ ਮਜਬੂਰੀ ਕਾਰਨ, ਤਾਂ ਪੰਛੀ ਜੀ ਨੇ ਦਾਸ ਨੂੰ ਚਿੱਠੀ ਪਾਈ ਕਿ ਤੁਸੀਂ ਕਾਨ੍ਹਪੁਰ ਆ ਜਾਉ ਤਬਲੇ ’ਤੇ ਮੇਰੇ ਨਾਲ। ਸੋ ਅਗਸਤ 1959 ਵਿਚ ਮੈਂ ਪੰਛੀ ਜੀ ਦੇ ਪਾਸ ਕਾਨ੍ਹਪੁਰ ਪਹੁੰਚ ਗਿਆ। ਜਦੋਂ ਮੈਂ ਆਪਣਾ ਤਬਲਾ ਲੈ ਕੇ ਕਾਨ੍ਹਪੁਰ ਪਹੁੰਚ ਗਿਆ ਤਾਂ ਹੋਇਆ ਇਹ ਕਿ ਭਾਈ ਧਰਮ ਸਿੰਘ ਜੀ ਨੇ ਆਪਣਾ ਅਸਤੀਫ਼ਾ ਵਾਪਸ ਲੈ ਲਿਆ ਕਿ ਮੈਂ ਨਹੀਂ ਜਾਣਾ ਤੇ ਇਥੇ ਹੀ ਰਹਿਣਾ ਹੈ। ਮੈਂ ਪੰਛੀ ਜੀ ਨੂੰ ਕਿਹਾ ਕਿ ਮੈਂ ਹੁਣ ਕੀ ਕਰਾਂ, ਮੈਂ ਤਾਂ ਇਤਨੀ ਦੂਰੋਂ ਕਿਰਾਇਆ ਖ਼ਰਚ ਕੇ ਆਇਆ ਹਾਂ ਤਾਂ ਪੰਛੀ ਜੀ ਕਹਿਣ ਲੱਗੇ, ਕੋਈ ਨਹੀਂ ਤੂੰ ਦੋ ਚਾਰ ਦਿਨ ਸਾਡੇ ਕੋਲ ਰਹਿ। ਇਤਨੀ ਦੂਰੋਂ ਆਇਆ ਹੈਂ। ਕੁਝ ਦਿਨ ਪਿਛੋਂ ਭਾਈ ਧਿਆਨ ਸਿੰਘ ਜੀ ਪੰਛੀ ਜੀ ਨੂੰ ਛੱਡ ਕੇ ਆਪਣੇ ਪਿੰਡ ਬਪਰੌਰ ਆ ਗਏ ਤੇ ਉਹਨਾਂ ਨੇ ਆ ਕੇ ਅੰਬਾਲਾ ਸ਼ਹਿਰ ਗੁਰਦੁਆਰਾ ਮੰਜੀ ਸਾਹਿਬ ਵਿਖੇ ਹੈਡ ਰਾਗੀ ਦੀ ਡਿਊਟੀ ਕਰ ਲਈ। ਉਸ ਤੋਂ ਬਾਅਦ ਗੁਰਦੁਆਰਾ ਨਵੀਨ ਸਿੰਘ ਸਭਾ ਰਾਜਪੁਰਾ ਵਿਖੇ ਵੀ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਕੁਛ ਸਮਾਂ ਹੋ ਗਿਆ ਹੈ ਆਪ ਜੀ ਵੀ ਅਕਾਲ ਚਲਾਣਾ ਕਰ ਗਏ ਹਨ।

ਜਦੋਂ ਭਾਈ ਧਿਆਨ ਸਿੰਘ ਜੀ ਕਾਨ੍ਹਪੁਰ ਤੋਂ ਆ ਗਏ ਤਾਂ ਪੰਛੀ ਜੀ ਮੈਨੂੰ ਕਹਿਣ ਲੱਗੇ ਕਿ ਤੂੰ ਹੁਣ ਵਾਜੇ ’ਤੇ ਲਗ ਜਾ ਤਾਂ ਮੈਂ ਕਿਹਾ ਕਿ ਮੈਨੂੰ ਵਾਜਾ ਵਜਾਉਣਾ ਆਉਂਦਾ ਨਹੀਂ। ਪੰਛੀ ਜੀ ਕਹਿਣ ਲੱਗੇ ਤੂੰ ਤਬਲੇ ’ਤੇ ਬੈਠਾ ਪੂਰਾ ਬੋਲ ਕੇ ਨਾਲ ਗਾਉਂਦਾ ਹੈਂ ਇਸ ਵਾਸਤੇ ਤੇਰੇ ਲਈ ਕੋਈ ਔਖਾ ਨਹੀਂ, ਤੂੰ ਕੰਮ ਕਰ ਲਏਂਗਾ ਤੇ ਵਾਜਾ ਵਜਾਉਣਾ ਤੈਨੂੰ ਆਪੇ ਆ ਜਾਏਗਾ। ਤਾਂ ਮੈਂ ਉਹਨਾਂ ਦੀ ਗਲ ਮੰਨ ਕੇ ਸਹਾਇਕ ਰਾਗੀ ਲਗ ਗਿਆ। ਸੋ ਮੈਨੂੰ ਤਬਲੇ ਤੋਂ ਵਾਜੇ ’ਤੇ ਲਿਆਉਣ ਵਾਲੇ ਭਾਈ ਮਾਨ ਸਿੰਘ ਪੰਛੀ ਜੀ ਹੀ ਸਨ ਜਿਹਨਾਂ ਨੇ ਮੇਰੇ ਜੀਵਨ ਦੀ ਤਰੱਕੀ ਕਰਵਾਈ। ਕਾਨ੍ਹਪੁਰ ਰਹਿ ਕੇ ਮੈਂ ਪੰਛੀ ਜੀ ਨਾਲ ਸੰਗੀਤ ਦੀ ਕਾਫ਼ੀ ਤਰੱਕੀ ਕੀਤੀ ਅਤੇ ਸੰਗੀਤ ਦੇ ਵੱਡੇ-ਵੱਡੇ ਉਸਤਾਦਾਂ ਨੂੰ ਸਾਹਮਣੇ ਕੋਲ ਬਹਿ ਕੇ ਸੁਣਿਆ। ਕਾਨ੍ਹਪੁਰ ਵਿਖੇ ਸਾਲ ਵਿਚ ਦੋ ਸੰਗੀਤ ਸੰਮੇਲਨ ਹੁੰਦੇ ਸਨ। ਉਥੇ ਇੱਕ ਸੰਸਥਾ ਹੈ ਜੋ ਸੰਗੀਤ ਸੰਮੇਲਨ ਕਰਵਾਂਦੀ ਹੈ। ਇੱਕ ਸੰਮੇਲਨ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ’ਤੇ ਅਤੇ ਦੂਜਾ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ’ਤੇ। ਉਹਨਾਂ ਦਾ ਕਹਿਣਾ ਹੈ ਕਿ ਦੋਵੇਂ ਅਵਤਾਰ ਸੰਗੀਤ ਦੇ ਅਵਤਾਰ ਹਨ ਇਸ ਲਈ ਇਹਨਾਂ ਸੰਮੇਲਨਾਂ ਵਿਚ ਦਾਸ ਨੇ ਵੱਡੇ-ਵੱਡੇ ਮਹਾਨ ਸੰਗੀਤਕਾਰ ਸੁਣੇ ਜਿਹਨਾਂ ਵਿਚ, ਖ਼ਾਂ ਸਾਹਿਬ ਅਮੀਰ ਖਾਂ ਸਾਹਿਬ, ਸ੍ਰੀ ਵਿਨਾਇਕ ਰਾਏ ਪਟਵਰਧਨ, ਸ੍ਰੀ ਭੀਮ ਸੈਨ ਜੋਸ਼ੀ, ਪੰਡਤ ਜਸਰਾਜ ਬੰਬਈ, ਕੁਮਾਰ ਗੰਧਰਵ, ਸ੍ਰ. ਸੋਹਣ ਸਿੰਘ ਪਟਿਆਲਾ, ਪ੍ਰਵੀਨ ਸੁਲਤਾਨਾ, ਸ੍ਰੀ ਰਵੀ ਸ਼ੰਕਰ ਸਿਤਾਰ ਵਾਦਕ, ਹਬੀਬੁਦੀਨ ਖ਼ਾਂ ਤਬਲਾ, ਸ੍ਰੀ ਬਿਸਮਿੱਲਾ ਖ਼ਾਂ ਸ਼ਹਿਨਾਈ, ਗੁਦਈ ਮਹਾਰਾਜ ਤਬਲਾ, ਸ੍ਰੀ ਅੱਲਾ ਰੱਖਾ

ਤਬਲਾ, ਕ੍ਰਿਸ਼ਨ ਮਹਾਰਾਜ ਤਬਲਾ। ਇਸ ਤੋਂ ਇਲਾਵਾ ਫ਼ਿਲਮੀ ਗਾਇਕ ਮੁਹੰਮਦ ਰਫ਼ੀ ਸਾਹਿਬ, ਮੁਕੇਸ਼ ਜੀ, ਲਤਾ ਮੰਗੇਸ਼ਕਰ ਜੀ, ਮੰਨਾ ਡੇ ਅਤੇ ਹੇਮੰਤ ਕੁਮਾਰ ਇਹ ਸਭ ਲੋਕਾਂ ਨੂੰ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਪੰਛੀ ਜੀ ਨਾਲ ਰਹਿ ਕੇ ਮੈਨੂੰ ਆਪ ਕੀਰਤਨ ਕਰਨਾ ਵੀ ਆ ਗਿਆ। ਦਾਸ ਨੇ ਪੰਛੀ ਜੀ ਨਾਲ ਕਈ ਥਾਵਾਂ ’ਤੇ ਸਹਾਇਕ ਰਾਗੀ ਦੇ ਤੌਰ ’ਤੇ ਸੰਗਤ ਕੀਤੀ ਜਿਵੇਂ ਕਿ ਸਿੰਘ ਸਭਾ ਮੁਜ਼ਫ਼ਰ ਨਗਰ ਯੂ.ਪੀ., ਕਾਨ੍ਹਪੁਰ, ਗੁਰਦੁਆਰਾ ਨਾਨਕ ਮਤਾ ਸਾਹਿਬ, ਗੁਰਦੁਆਰਾ ਐਲ ਟਾਊਨ ਸਾਕਚੀ ਟਾਟਾ ਨਗਰ ਅਤੇ ਦਾਸ ਦੇ ਅਨੰਦ ਕਾਰਜ ਤੇ ਵੀ ਕੀਰਤਨ ਪੰਛੀ ਜੀ ਨੇ ਹੀ ਕੀਤਾ ਸੀ। ਉਹਨਾਂ ਨਾਲ ਰਹਿ ਕੇ ਜੋ ਜੋ ਸ਼ਹਿਰ ਅਸੀਂ ਘੁੰਮੇ ਹਨ ਉਹ ਇਹ ਹਨ-ਮੁਜ਼ਫ਼ਰ ਨਗਰ, ਕਾਨ੍ਹਪੁਰ, ਉਨਾਓ, ਬਰੇਲੀ, ਰਾਏ ਬਰੇਲੀ, ਪ੍ਰਤਾਪ ਗੜ੍ਹ, ਗੋਰਖਪੁਰ, ਨੌਤਨਵਾਂ, ਬੁਟਵਲ (ਨਿਪਾਲ), ਲਖਨਊ, ਸੀਤਾਪੁਰ, ਪੀਲੀਭੀਤ, ਨਾਨਕ ਮਤਾ ਸਾਹਿਬ, ਨੈਨੀਤਾਲ, ਹਲਦਵਾਨੀ, ਟੀਕਮਗੜ੍ਹ, ਝਾਂਸੀ, ਟਾਟਾ ਨਗਰ, ਹਜ਼ਾਰੀ ਬਾਗ, ਕਲਕੱਤਾ, ਚਾਂਦੀਪੁਰ, ਰਾਂਚੀ, ਡਾਲਟਨ ਗੰਜ, ਜੈਪੁਰ, ਜਬਲਪੁਰ, ਅਲਾਹਾਬਾਦ, ਬਸਤੀ, ਗੋਂਡਾ, ਖੜਗਪੁਰ।

ਭਾਈ ਮਾਨ ਸਿੰਘ ਪੰਛੀ ਜੀ ਦੀਆਂ ਸੱਤ ਸੰਤਾਨਾਂ ਹਨ। ਭਾਈ ਦਰਸ਼ਨ ਸਿੰਘ ਜੋ ਕਿ ਅਜਕਲ੍ਹ ਪਿੰਡ ਮਦਨਪੁਰ (ਸ਼ਾਹਬਾਦ ਮਾਰਕੰਡਾ) ਦੇ ਪਾਸ ਹੈ, ਉਥੇ ਰਹਿ ਰਿਹਾ ਹੈ। ਇਹ ਸਭ ਤੋਂ ਵੱਡਾ ਬੇਟਾ ਹੈ ਅਤੇ ਦਾਸ ਦਾ ਜਿਗਰੀ ਦੋਸਤ ਮਿੱਤਰ ਹੈ। ਦੂਜੇ ਬੱਚੇ ਹਨ-ਬੇਟੀ ਬਚਨ ਕੌਰ, ਬੇਟਾ ਗੁਰਨਾਮ ਸਿੰਘ, ਬੇਟੀ ਸਰਬਜੀਤ ਕੌਰ, ਬੇਟੀ ਕੂਕੀ, ਦੋ ਛੋਟੇ ਕਾਕਿਆਂ ਦੇ ਨਾਮ ਦਾਸ ਨੂੰ ਯਾਦ ਨਹੀਂ ਹਨ। ਛੋਟੇ ਤਿੰਨੇ ਲੜਕੇ ਪਟਿਆਲੇ ਰਹਿ ਰਹੇ ਹਨ। ਉਥੇ ਇੱਕ ਰੋਜ਼ਾਨਾ ਅਖ਼ਬਾਰ ਦੇ ਐਡੀਟਰ ਹਨ ਸਰਦਾਰ ਗੁਰਨਾਮ ਸਿੰਘ ਜੀ।

ਪੰਛੀ ਸਾਹਿਬ ਜੀ ਸੁਭਾਅ ਦੇ ਬਹੁਤ ਖ਼ੁਸ਼ ਮਿਜਾਜ਼ ਸਨ। ਹਰ ਵਕਤ ਖ਼ੁਸ਼ ਰਹਿਣਾ ਅਤੇ ਸਾਥੀਆਂ ਨੂੰ ਵੀ ਖ਼ੁਸ਼ ਰੱਖਣਾ, ਹਰ ਕਿਸੇ ਨੂੰ ਖ਼ੁਸ਼ ਹੋ ਕੇ ਮਿਲਣਾ। ਇਹੀ ਕਾਰਨ ਸੀ ਪੰਛੀ ਜੀ ਦੇ ਸੁਭਾਅ ਤੋਂ ਹਰ ਇਨਸਾਨ ਪ੍ਰਭਾਵਿਤ ਹੁੰਦਾ ਸੀ। ਗੁਰਦੁਆਰਿਆਂ ਦੇ ਪ੍ਰਬੰਧਕਾਂ ਤੋਂ ਲੈ ਕੇ ਬੱਚੇ-ਬੱਚੀਆਂ, ਜਵਾਨ, ਔਰਤਾਂ, ਮਰਦ, ਬਜ਼ੁਰਗਾਂ ਤੱਕ ਸਭ ਉਹਨਾਂ ਦੇ ਜੀਵਨ ਤੋਂ ਪ੍ਰਭਾਵਿਤ ਹੁੰਦੇ ਸਨ। ਆਪ ਜੀ ਦੀ ਸੁਪਤਨੀ ਬੀਬੀ ਅਮਰ ਕੌਰ ਬਹੁਤ ਖ਼ੂਬਸੂਰਤ ਸਿਆਣੀ ਅਤੇ ਮਿੱਠੇ ਸੁਭਾਅ ਵਾਲੀ ਸੀ। ਪੰਛੀ ਜੀ ਦੇ ਬੱਚੇ ਵੀ ਅੱਗੋਂ ਬੜੇ ਮਿਲਾਪੜੇ ਸਨ, ਸਾਰੇ ਹੀ ਖ਼ੁਸ਼ ਮਿਜਾਜ਼। ਪੰਛੀ ਜੀ ਦੀ ਖ਼ੁਸ਼ ਤਬੀਅਤ ਸਦਕਾ ਹੀ ਦਾਸ ਨੇ ਜਿੰਨਾ ਵੀ ਸਮਾਂ ਉਹਨਾਂ ਦੇ ਨਾਲ ਬਿਤਾਇਆ ਉਹ ਮੇਰੇ ਜੀਵਨ ਦੇ ਸੁਨਹਿਰੀ ਪਲ ਨੇ ਤੇ ਮੇਰੀ ਅਭੁਲ ਯਾਦ ਹੈ। ਉਹ ਮੇਰੇ ਜੀਵਨ ਦੇ ਸੁਨਹਿਰੀ ਦਿਨ ਸੀ ਜਿਹਨਾਂ ਦਿਨਾਂ ਵਿਚ ਮੈਂ ਉਹਨਾਂ ਨਾਲ ਰਹਿ ਕੇ ਆਪਣੇ ਜੀਵਨ ਵਿਚ ਬਹੁਤ ਤਰੱਕੀ ਕੀਤੀ। ਪਾਠਕ ਜਨੋ, ਇਹੀ ਅਸਲੀ ਜ਼ਿੰਦਗੀ ਹੈ ਕਿ ਮਰਨ ਤੋਂ ਬਾਅਦ ਵੀ ਲੋਕ ਯਾਦ ਰੱਖਣ। ਰਾਗੀ ਤਾਂ ਮੈਂ ਬੜੇ ਦੇਖੇ ਹਨ ਪਰ ਐਸਾ ਕੋਈ ਨਹੀਂ ਦੇਖਿਆ ਜਿਹੜਾ ਸਭ ਦੇ ਹਿਰਦੇ ਵਿਚ ਉਕਰਿਆ ਹੋਵੇ। ਸਾਨੂੰ ਥੋੜ੍ਹਾ ਜਿਹਾ ਗੁਣ ਆ ਜਾਵੇ ਤਾਂ ਇਤਨੇ ਹੰਕਾਰ ਨਾਲ ਭਰ ਜਾਂਦੇ ਹਾਂ ਕਿ ਦੂਜੇ ਨੂੰ ਕੁਝ ਸਮਝਦੇ ਹੀ ਨਹੀਂ। ਹਰ ਵੇਲੇ ਗੁਣ ਦੇ ਹੰਕਾਰ ਵਿਚ ਫੂੰ ਫੂੰ ਕਰਦੇ ਫਿਰਦੇ ਹਾਂ, ਪਰ ਸੱਚ ਜਾਣੋ ਜੋ ਹਰ ਮਨੁੱਖ ਨਾਲ ਹਸ ਕੇ ਬੋਲੇ ਤੇ ਮਿੱਠਾ ਬੋਲੇ ਉਹੀ ਬੰਦਾ ਲੋਕਾਂ ਨੂੰ ਯਾਦ ਰਹਿੰਦਾ ਹੈ।

ਪਰ ਬੜੇ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਪੰਛੀ ਜੀ ਦੇ ਵੀ ਆਖ਼ਰੀ ਦਿਨ ਬਹੁਤ ਔਖੇ ਗੁਜਰੇ ਸਨ। ਉਹਨਾਂ ਨੂੰ ਅਧਰੰਗ ਹੋ ਗਿਆ ਸੀ ਪਰ ਸਾਡੀ ਰਾਜਪੂਤ ਕੌਮ ਨੇ ਉਹਨਾਂ ਦੀ ਕੋਈ ਸਾਰ ਨਹੀਂ ਲਈ। ਇਸੇ ਬਿਮਾਰੀ ਕਾਰਨ ਹੀ ਉਹ ਸੰਸਾਰ ਨੂੰ ਅਲਵਿਦਾ ਕਹਿ ਗਏ। ਮੈਂ ਵੀ ਉਦੋਂ ਮਜਬੂਰ ਸਾਂ ਪਰ ਅੱਜ ਮੈਨੂੰ ਦੁੱਖ ਹੋ ਰਿਹਾ ਹੈ ਕਿ ਮੈਂ ਉਹਨਾਂ ਲਈ ਕੁਝ ਵੀ ਨਾ ਕਰ ਸਕਿਆ।

(ਅੰਮ੍ਰਿਤ ਕੀਰਤਨ, ਨਵੰਬਰ 2007 ਵਿੱਚੋਂ)

# ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਮਤਾਨ ਸਾਹਿਬ

**ਪ੍ਰੋ. ਨਵ ਸੰਗੀਤ ਸਿੰਘ**

ਭਾਰਤ ਦੇ ਰਾਜ ਹਰਿਆਣਾ ਦੇ ਜ਼ਿਲ੍ਹਾ ਜੀਂਦ ਦੀ ਤਹਿਸੀਲ ਨਰਵਾਣਾ ਵਿੱਚ ਇੱਕ ਨਗਰ ਹੈ-ਧਮਤਾਨ ਸਾਹਿਬ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਥੇ ਗੁਰੂ ਤੇਗ਼ ਬਹਾਦਰ (1621-1675) ਜੀ ਦੀ ਆਮਦ ਤੋਂ ਪਹਿਲਾਂ ਧਮਧਾਨ ਨਾਮ ਦਾ ਇਕ ਸਾਧੂ ਰਹਿੰਦਾ ਸੀ। ਗੁਰੂ ਜੀ ਦੇ ਆਉਣ ਨਾਲ ਇਸ ਨੂੰ 'ਧਮਤਾਨ ਸਾਹਿਬ' ਕਿਹਾ ਜਾਣ ਲੱਗ ਪਿਆ। ਹੁਣ ਰੇਲਵੇ ਸਟੇਸ਼ਨ ਦਾ ਵੀ ਇਹੋ ਨਾਂ ਹੈ, ਯਾਨੀ ਧਮਤਾਨ ਸਾਹਿਬ। ਧਾਰਮਕ ਨਗਰਾਂ-ਸ਼ਹਿਰਾਂ ਨੂੰ ਸਿੱਖ ਧਰਮ ਵਿੱਚ 'ਸਾਹਿਬ' ਕਰਕੇ ਜਾਣਿਆ ਜਾਂਦਾ ਹੈ, ਪਰ ਰੇਲਵੇ ਰਿਕਾਰਡ ਵਿੱਚ ਉਹ ਕੇਵਲ ਸ਼ਹਿਰ ਦੇ ਹੀ ਨਾਂ ਹੁੰਦੇ ਹਨ, ਸਾਹਿਬ ਨਹੀਂ ਲਿਖਿਆ ਹੁੰਦਾ। ਜਿਵੇਂ ਪਟਨਾ, ਪਾਉਂਟਾ, ਆਨੰਦਪੁਰ ਆਦਿ। ਪਰ ਧਮਤਾਨ ਸਾਹਿਬ ਦੇ ਰੇਲਵੇ ਸਟੇਸ਼ਨ ਤੇ ਇਹ ਪੂਰਾ ਨਾਂ ਵੇਖ ਕੇ ਬੜੀ ਖੁਸ਼ੀ ਹੁੰਦੀ ਹੈ। ਗੁਰਦੁਆਰਾ ਰੇਲਵੇ ਸਟੇਸ਼ਨ ਤੋਂ ਦੱਖਣ-ਪੱਛਮ ਦਿਸ਼ਾ ਵਿੱਚ ਕਰੀਬ 4 ਕਿਮੀ ਦੂਰ ਹੈ ਅਤੇ ਆਟੋ ਰਾਹੀਂ ਸੌਖਿਆਂ ਜਾਇਆ ਜਾ ਸਕਦਾ ਹੈ। ਉਂਜ ਬੱਸਾਂ ਵੀ ਗੁਰਦੁਆਰਾ ਸਾਹਿਬ ਦੇ ਨੇੜੇ ਬਣੇ ਸਟਾਪ ਤੇ ਉਤਾਰ ਦਿੰਦੀਆਂ ਹਨ।

ਸਿੱਖ ਧਰਮ ਵਿੱਚ ਸਭ ਤੋਂ ਜ਼ਿਆਦਾ ਲੰਮੀਆਂ ਯਾਤਰਾਵਾਂ ਕਰਨ ਦੇ ਮੋਢੀ ਗੁਰੂ ਨਾਨਕ ਦੇਵ ਜੀ ਸਨ, ਜਿਨ੍ਹਾਂ ਦੀਆਂ ਯਾਤਰਾਵਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰ ਉਦਾਸੀਆਂ ਸਮੇਂ ਲੱਗਭੱਗ 39000 ਮੀਲ ਦਾ ਲੰਮਾ ਸਫ਼ਰ ਤੈਅ ਕੀਤਾ। ਉਨ੍ਹਾਂ ਤੋਂ ਪਿੱਛੋਂ ਨੌਂਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਨੇ ਦੂਰ-ਦੁਰਾਡੇ ਥਾਂਵਾਂ ਦੀ ਯਾਤਰਾ ਕਰਕੇ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਕੀਤਾ। ਇਹ ਯਾਤਰਾਵਾਂ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਅਸਾਮ ਅਤੇ ਬੰਗਲਾਦੇਸ਼ ਤੱਕ ਫੈਲੀਆਂ ਹੋਈਆਂ ਹਨ। ਇਨ੍ਹਾਂ ਅਸਥਾਨਾਂ 'ਤੇ ਗੁਰੂ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨ ਮੌਜੂਦ ਹਨ।

ਗੁਰੂ ਜੀ ਦੀਆਂ ਇਨ੍ਹਾਂ ਯਾਤਰਾਵਾਂ ਦਾ ਮਨੋਰਥ ਮਨੁੱਖਤਾ ਨੂੰ ਪ੍ਰਭੂ-ਮੁਖੀ ਅਤੇ ਸਦਾਚਾਰੀ ਜੀਵਨਜਾਚ ਵੱਲ ਪ੍ਰੇਰਿਤ ਕਰਨਾ ਸੀ ਪਰ ਇਸ ਦੇ ਨਾਲ ਹੀ ਗੁਰੂ ਜੀ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ ਦਾ ਵੀ ਹੱਲ ਕਰਦੇ ਨਜ਼ਰ ਆਉਂਦੇ ਹਨ। ਗੁਰੂ ਜੀ ਦੀਆਂ ਜੀਵਨ ਯਾਤਰਾਵਾਂ 'ਚੋਂ ਖਿਮਾ ਕਰਨ ਦਾ ਗੁਣ ਬਹੁਤ ਉਭਰ ਕੇ ਸਾਹਮਣੇ ਆਉਂਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਸ਼ਾਂਤੀ, ਸਾਂਝ, ਸਦਭਾਵਨਾ, ਸੇਵਾ ਤੇ ਸਰਬੱਤ ਦੇ ਭਲੇ ਵਾਲਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਮਨੁੱਖ ਦੇ ਬਣਾਏ ਵਖਰੇਵਿਆਂ ਤੋਂ ਉੱਪਰ ਉੱਠ ਕੇ ਸਰਬ-ਸਾਂਝੇ ਧਰਮ ਅਰਥਾਤ ਮਾਨਵਤਾ, ਅਹਿੰਸਾ, ਅਮਨ ਤੇ ਅਖੰਡਤਾ ਦੇ ਰਸਤੇ ਉੱਪਰ ਤੁਰਨ ਦਾ ਸੰਦੇਸ਼ ਦਿੱਤਾ।

ਪ੍ਰਾਪਤ ਜਾਣਕਾਰੀ ਅਨੁਸਾਰ ਗੁਰੂ ਤੇਗ ਬਹਾਦਰ ਜੀ ਪੂਰਬੀ ਰਾਜਾਂ, ਯਾਨੀ ਮਾਲਵਾ-ਬਾਂਗਰ ਦੀ ਯਾਤਰਾ ਦੌਰਾਨ ਇੱਥੇ ਤਿੰਨ ਵਾਰ ਆਏ ਸਨ। ਪਹਿਲੀ ਵਾਰ ਅਪਰੈਲ 1665 ਵਿੱਚ, ਜਦੋਂ ਉਨ੍ਹਾਂ ਨਾਲ਼ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਅਤੇ ਸਿੱਖ ਸੰਗਤ ਵੀ ਸੀ। ਇੱਥੋਂ ਦੇ ਜ਼ਿਮੀਂਦਾਰ ਭਾਈ ਦਗੋ ਨੇ ਗੁਰੂ ਜੀ ਦੀ ਦੁੱਧ ਨਾਲ਼ ਸੇਵਾ ਕੀਤੀ। ਉਦੋਂ ਗੁਰੂ ਜੀ ਨੇ ਇੱਥੇ ਲੰਮਾ ਸਮਾਂ ਟਿਕਾਣਾ ਕੀਤਾ। ਇਸੇ ਯਾਤਰਾ ਸਮੇਂ ਭਾਈ ਰਾਮਦੇਵ ਨੇ ਗੁਰੂ ਜੀ ਦੀ ਜਲ ਨਾਲ਼ ਸੇਵਾ ਕੀਤੀ ਤਾਂ ਗੁਰੂ ਜੀ ਨੇ ਉਹਨੂੰ 'ਮੀਂਹਾਂ ਸ਼ਾਹੀ' ਕਹਿ ਕੇ ਨਿਵਾਜਿਆ ਤੇ ਉਹਨੂੰ ਨਗਾਰਾ, ਨਿਸ਼ਾਨ ਸਾਹਿਬ ਤੇ ਬਲਦ ਦੇ ਕੇ ਪ੍ਰਚਾਰ ਲਈ ਭੇਜਿਆ।

ਦੂਜੀ ਵਾਰ ਗੁਰੂ ਜੀ ਸਤੰਬਰ 1665 ਵਿੱਚ ਇੱਥੇ ਆਏ ਅਤੇ ਦੀਵਾਲੀ ਸਮਾਗਮ ਦੌਰਾਨ ਟਿਕਾਣਾ ਕੀਤਾ। ਤੀਜੀ ਵਾਰ ਗੁਰੂ ਜੀ 1675 ਵਿੱਚ ਇੱਥੇ ਆਏ।

ਧਮਤਾਨ ਸਾਹਿਬ ਵਿਖੇ, ਜਿਸ ਅਸਥਾਨ ਤੇ ਗੁਰੂ ਜੀ ਬਿਰਾਜਮਾਨ ਹੋਏ ਸਨ, ਉੱਥੇ ਹੁਣ ਇੱਕ ਸੁੰਦਰ ਗੁਰਦੁਆਰਾ ਸੁਸ਼ੋਭਿਤ ਹੈ। ਇਹਦੀ ਮੌਜੂਦਾ ਇਮਾਰਤ 1985-86 ਵਿੱਚ ਤਿਆਰ ਹੋਈ ਸੀ, ਜਿੱਥੇ ਖੁੱਲ੍ਹਾ ਦੀਵਾਨ ਹਾਲ ਹੈ ਤੇ ਪਿਛਲੇ ਪਾਸੇ ਇੱਕ ਸਰੋਵਰ ਵੀ ਹੈ। ਪਹਿਲਾਂ ਗੁਰਦੁਆਰੇ ਦੀ ਸੇਵਾ ਰਾਜਾ ਕਰਮ ਸਿੰਘ ਪਟਿਆਲਾ ਵੱਲੋਂ ਕਰਵਾਈ ਗਈ ਤੇ ਇਹਦੀ ਸਾਂਭ-ਸੰਭਾਲ ਲਈ 3200/- ਰੁਪਏ ਸਾਲਾਨਾ ਤੋਂ ਇਲਾਵਾ 2200 ਵਿਘੇ ਜ਼ਮੀਨ ਗੁਰਦੁਆਰੇ ਦੇ ਨਾਂ ਲਗਵਾਈ ਗਈ।ਮੌਜੂਦਾ ਸਮੇਂ ਗੁਰਦੁਆਰੇ ਦੇ ਨਾਂ 3400 ਵਿਘੇ (600 ਏਕੜ) ਜ਼ਮੀਨ ਹੈ। ਰਾਜਾ ਕਰਮ ਸਿੰਘ ਵੱਲੋਂ ਬਣਵਾਈ ਪੁਰਾਤਨ ਡਿਉਢੀ ਵੀ ਮੌਜੂਦ ਹੈ। ਸਥਾਨਕ ਰਵਾਇਤ ਅਨੁਸਾਰ ਇਸ ਇਲਾਕੇ ਦੀ ਸੰਗਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਜਾਣ

ਤੋਂ ਪਹਿਲਾਂ ਇਸ ਪਵਿੱਤਰ ਸਥਾਨ ਤੇ ਨਤਮਸਤਕ ਹੁੰਦੀ ਹੈ ਤੇ ਇੱਥੋਂ ਹੀ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਲਈ ਯਾਤਰਾ ਸ਼ੁਰੂ ਕਰਦੀ ਹੈ।

ਇਸ ਗੁਰਦੁਆਰਾ ਸਾਹਿਬ ਵਿਖੇ ਪੁਰਾਤਨ ਸਿੱਖਾਂ ਦੇ ਇਤਿਹਾਸਕ ਸ਼ਸਤਰ ਇੱਕ ਸ਼ੀਸ਼ੇ ਦੀ ਅਲਮਾਰੀ ਵਿੱਚ ਰੱਖੇ ਹੋਏ ਹਨ, ਜਿਨ੍ਹਾਂ ਵਿੱਚ ਤਲਵਾਰਾਂ, ਸਿਰੀ ਸਾਹਿਬ, ਕਟਾਰ, ਬੰਦੂਕ, ਢਾਲਾਂ ਤੇ ਗੋਲ਼ੀ ਸਿੱਕਾ ਵੀ ਹੈ। ਗੁਰੂ ਜੀ ਦੀ ਇੱਕ ਸਿਰੀ ਸਾਹਿਬ ਵੀ ਇਥੇ ਸੁਭਾਇਮਾਨ ਹੈ, ਜੋ ਗੁਰੂ ਗੋਬਿੰਦ ਸਿੰਘ ਵੱਲੋਂ ਬੰਦਾ ਬਹਾਦਰ ਨੂੰ ਪੰਜਾਬ ਭੇਜਣ ਸਮੇਂ ਦਿੱਤੀ ਗਈ ਸੀ। ਪਿੱਛੋਂ ਉਹ ਪੰਥ ਕੋਲ਼ ਆ ਗਈ ਤੇ ਇਥੇ ਯਾਦਗਾਰ ਵਜੋਂ ਰੱਖੀ ਗਈ। ਇਸੇ ਸਥਾਨ ਤੇ ਕੁਝ ਕੁ ਪੁਰਾਤਨ ਹੱਥ-ਲਿਖਤਾਂ-ਪ੍ਰਕਾਸ਼ਿਤ ਅਤੇ ਧਾਰਮਿਕ ਗ੍ਰੰਥ ਵੀ ਇੱਕ ਵੱਖਰੀ ਅਲਮਾਰੀ ਵਿੱਚ ਰੱਖੇ ਹੋਏ ਹਨ।

ਇਸ ਥਾਂ ਤੇ ਮੱਸਿਆ, ਹੋਲਾ ਮਹੱਲਾ ਤੇ ਦੁਸਹਿਰਾ ਦੇ ਤਿਉਹਾਰ ਮਨਾਏ ਜਾਂਦੇ ਹਨ। ਗੁਰੂ ਤੇਗ਼ ਬਹਾਦਰ ਜੀ ਦਾ ਪ੍ਰਕਾਸ਼ ਪੁਰਬ ਅਤੇ ਸ਼ਹੀਦੀ ਦਿਵਸ ਵੱਡੀ ਪੱਧਰ ਤੇ ਮਨਾਏ ਜਾਂਦੇ ਹਨ। ਸੰਗਤ ਦੀ ਆਮਦ ਜਾਰੀ ਰਹਿੰਦੀ ਹੈ ਪਰ ਸ਼ਾਮ ਵੇਲੇ ਸੁਖਾਸਨ ਸਮੇਂ ਕਾਫ਼ੀ ਸਥਾਨਕ ਸੰਗਤ (ਬਾਂਗਰ) ਆਉਂਦੀ ਹੈ।

ਗੁਰੂ ਕਾ ਲੰਗਰ ਹਮੇਸ਼ਾ ਖੁੱਲ੍ਹਾ ਰਹਿੰਦਾ ਹੈ ਤੇ ਯਾਤਰੀਆਂ ਲਈ ਰਿਹਾਇਸ਼ ਦਾ ਮੁਫ਼ਤ ਪ੍ਰਬੰਧ ਹੈ। ਐਤਵਾਰ ਵਾਲ਼ੇ ਦਿਨ ਦੂਰ ਨੇੜੇ ਤੋਂ ਸੰਗਤ ਆਕੇ ਸੇਵਾ ਕਰਦੀ ਹੈ ਤੇ ਉਸ ਦਿਨ ਵਿਸ਼ੇਸ਼ ਲੰਗਰ ਹੁੰਦਾ ਹੈ। ਗੁਰਦੁਆਰੇ ਦੇ ਸੇਵਾਦਾਰਾਂ ਵੱਲੋਂ ਹਰ ਯਾਤਰੀ ਦਾ ਆਦਰ-ਸਤਿਕਾਰ ਕੀਤਾ ਜਾਂਦਾ ਹੈ।

#1, ਲਤਾ ਗਰੀਨ ਐਨਕਲੇਵ,
ਪਟਿਆਲਾ -1470021
ਸੰਪਰਕਯ 9417692015

**ਜ਼ਰੂਰੀ ਸੂਚਨਾ**

ਮੈਗਜ਼ੀਨ ਮਿਲਣ ਤੇ ਮੋਬਾਈਲ ਨੰਬਰ 9855640630
ਤੇ ਜ਼ਰੂਰ ਸੂਚਿਤ ਕਰੋ ਜੀ।

# Shaheed Bhai Amrik Singh

Dr. Amardev Singh



Throughout history, Sikhs have been known around the world for their bravery and willingness to sacrifice their lives for justice. Not many can lay claim to the honourable titles of both Raagi and Shaheed  but such is the history of Bhai Amrik Singh Ji.

Bhai Amrik Singh was born to Mata Chint Kaur Ji in 1934, into the home of Sardar Asa Singh Ji in the village of Mundhon Sangtian, near Kurali in undivided Punjab. He was blind since birth, and as a result, was unable to attend school. There weren’t many facilities available then, that catered to children with special needs as what we have now. Bhai Amrik Singh Ji was the second of six siblings, and he was fondly known as ‘Jethu’ in the village. His elder brother, Charan Singh and younger brother, Lekh Singh did laborious jobs in the village to earn a living. Two of his younger brothers enlisted in the army. Among these two, the youngest, Ajit Singh lives in Model Town, Kurali now. Another brother of theirs, Sarban Singh also lives in Kurali.

Young ‘Jethu’ used to wander around the streets of his village while carrying a tune. Sometimes, he would play a beat on an empty box while singing. One day, the uncle of Principal Teja Singh, the school principal, was passing by and heard ‘Jethu’ singing away. He was impressed with this young boy’s talent, and made arrangements to send young ‘Jethu’ who was aged 7 at that time, to the village of Manpur (Khant), Morinda to learn Kirtan. Prior to the division of Punjab, there were two renowned Kirtan Vidhyalas (academies). The larger of the two was based at Chamkaur Sahib, which was overseen by Raagi Bhai Sampuran Singh Ji. The secondVidhyala was located in Manpur, and was under the care of Bhai Jaswant Singh Jifrom Kaleran. Interestingly, this Vidhyala was an offshoot of theVidhyala in Chamkaur Sahib and it was started by the graduates from Chamkaur Sahib. Bhai Amrik Singh Ji stayed at Manpur and learned Kirtan from Bhai Jaswant Singh Ji. He was taught to play the harmonium, dilruba, violin and tanpura.

Bhai Jaswant Singh Ji shared his vast knowledge of Raags and techniques of playing various stringed instruments. Bhai Amrik Singh also took classes on Gurbani Santhya and Rehat Maryada from BhaiGurbaksh Singh Ji, a very learned individual, who also taught him the art of delivering Katha (discourse). While India gained independence in 1947, this brought about many changes and uncertainties to the people of Punjab. Sadly, both Vidhyalas fell victim to the partition, and were shut down permanently.

Following the partition, Bhai Amrik Singh Ji went to Gurdwara Sri Hargobindgarh in Kurali. At this point in time, there were only two Raagi jathas in that area and their duties were split between them. Bhai Amrik Singh Ji used to attend

various ‘Jod Melas’ and performed Anand Karaj ceremonies as well. The other jatha was that of Bhai Sarup Singh Safri. Next, Bhai Amrik Singh Ji went to Gurdwara Dukh Niwaran Sahib, Patiala and served as Hazoori Raagifor five years.Subsequently, he moved to Takhat SriKeshgarh Sahib, Anandpur Sahib for a short period of time, before moving back to Patiala. His last shift was to Sri Harmandir Sahib, Amritsar, where he would perform Kirtan duties regularly until his last breath.

An interesting incident occurred during his election as Hazoori Raagi at Sri Harmandir Sahib. The Kirtan sub-committee conducting his interview had requested him to sing Raag Gauri. He went silent for a while, as if awaiting further instruction. The committee members, thinking that they knew better, tried breaking the silence by commenting that there were six other candidates waiting to be selected. Bhai Amrik Singh humbly folded his hands and asked “Which variant of Gauri would you like me to sing?” Not having the knowledge to answer that, the committee members tried to cover their embarrassment with laughter, and hired him without even listening to Raag Gauri.

Bhai Amrik Singh was well versed in singing compositions in difficult Raags and Taals. He was accompanied on the side harmonium for many years by Sardar Harcharan Singh Darvesh. He had a few companions on tabla such as Bhai Ram Singh (Ropar) and BhaiGurnam Singh Sohana, but the person who accompanied him the longest was renowned tabla master, Bhai Mukand Singh, father of Ustad Harjit Singh Bittu.

Bhai Amrik Singh Ji did not get married and had no children of his own. According to an article written by Sarbpreet Singh Ji, he had adopted a son, Bhai Harcharan Singh. Bhai Amrik Singh Ji attained Shaheedi (martyrdom) on the morning of 6th June 1984 (4th June according to the article by Sarbpreet Singh Ji). On that fateful morning, amidst the hail of bullets, Bhai Amrik Singh performed Asa Ki Vaar as he always did. As he exited theDarbar after the early morning Ardas, he was shot at theParkarma in front of the Darshani Deori. His brother, Ajit Singh Ji said thatnone of their family members know what happened to Bhai Amrik Singh Ji’s body following his death. They were not able to travel to Amritsar due to the curfew forced upon Punjab, and have no idea where he was cremated, if at all.

Following this tragedy, Shiromani Gurdwara Parbandhak Committee (SGPC) handed his provident fund to his mother, but nothing else was given to date. His former tabla player, Gurnam Singh Sohana had initiated a memorial society to organise annual Kirtan Darbars to honour his memory and sacrifice. He had also planned to open a Vidhyala in Bhai Amrik Singh Ji’s name. However, he did not receive much support from anyone and eventually, the society broke up. By that time, he had only managed to collect Rs.41,000, which he donated to Gurdwara Sri Hargobindgarh Sahib, with the hopes that it can be utilised to open a Kirtan Vidhyala. Sadly, 25 years have passed without any progress. On a positive note, SGPC installed Bhai Amrik Singh Ji’s portrait in theCentral Sikh Museum in Amritsar. His dilruba and violin are on display at the museum in Gurdwara Fatehgarh Sahib.

e-mail: kirtansewamalaysia@gmail.com

# Bably S. Singh "An Artist

SHIVANI BAKHOO

After devoting 22 years to teaching students, the nuances of painting, Bably S Singh, now immerses herself in colouring the canvas-expressing her feelings, thoughts and life's messages through her art.

Her journey with colours began early; she was just 10 when she started painting and by the age of 14, she had already put up her first exhibition. Since then, she has consistently held exhibitions of her artwork- though never for sale. If someone appreciates a piece, she's happy to gift it, but refuses to sell it. "For me an artist must be true, sincere and humble," she says. "Every creative work requires humility. And one can perceive the truth through humility only. I've tried to convey this through my paintings as well."

Her paintings carry deep messages, often reflected in the captions. one such work 'Balihaari Kudrat Vaseya' beautifully expresses the wonders of nature with myriad colours. Other notable titles in her collection include, 'Pinks in Bloom', Desires, Amaltaas, Glamour, Bliss, Sab Teri Kudrat, Fire of Five Evils and Memories-- Each echoing a unique message.

Speaking about her passion, Bably Singh shares that her work has been appreciated by several leading personalities over the years." Surjit Patar, Janmeja S. Johl and many others have always supported me. They were instrumental in organising many exhibitions. Sometimes, it is really beautiful to flow like colours- just to flow with our thoughts and emotions," she reflects.

Though she has taken a step back from the spotlight recently due to personal reasons, Bably Singh is optimistic about returning with a fresh exhibition in a few months featuring her latest creations. "If a thought strikes me at 01:30 AM, I just pick up my brush and start pouring everything out onto the canvas. Painting is my Soul", she says with quiet conviction.

Born in Madras, Bably holds an M.A in English and Music. She was also selected as a member of Punjab Lalit Kala Akademy by renowned Dr. M.S. Randhawa.

TRIBUNE NEWS SERVICE... Ludhiana, May 2nd , 2025.

# राग सुघरई

**प्रो. गुरबक्श सिंह**

कानड़े का प्रकार सुघरई काफी ठाठ का राग है जिस के आरोह में धैवत वर्जित है। इसमें गंधार कोमल, दोनों निषाद और शेष स्वर शुद्ध हैं। कुछ संगीतकार धैवत स्वर अवरोह में भी प्रयोग नहीं करते। इस दिन के दूसरे प्रहर में गाए जाने वाले राग में पंचम वादी और षड़ज संवादी है। उत्तरांग में इसका रूप लगभग सारंग का है केवल कानड़ा अंग स्पष्ट करने के लिए आरोह में कोमल निषाद पर पंचम का कण लगाया जाता है। अवरोह करते समय गंधार वक्र रूप में लिया जाता है और इस पर मध्यम का कण कानड़ा अंग को और ज्वलित करता है। इसी तरह अवरोह में ऋषभ पर षड़ज का कण लगाया जाता है।

**आरोह :** सा रे $^{\text{म}}$ग म नि प, नि सां

**अवरोह :** सां, $^{\text{प}}$नि प ग म $^{\text{सा}}$रे सा

**मुख्य अंग :** नि नि प म रे सा रे $^{\text{सा}}$ग–म नि प

**चलन :** नि़ सा, नि़ सा रे नि़–सा, नि़ सा नि़ प़, $^{\text{प}}$नि़ प़ नि़ सा, सा, नि़ सा रे $^{\text{म}}$ग–म $^{\text{सा}}$रे–सा, नि़ सा रे म, $^{\text{रे}}$म प, म प $^{\text{म}}$ग–म $^{\text{सा}}$रे–सा, नि़ सा रे म प नि प, $^{\text{रे}}$म प नि प सां, नि नि प म रे सा रे $^{\text{म}}$ग म $^{\text{सा}}$रे–सा, रे $^{\text{सा}}$नि़ सा रे $^{\text{म}}$ग $^{\text{म}}$ग म $^{\text{प}}$नि प, म प नि सां, प नि सां रें सां, सां $^{\text{प}}$नि प ग म नि प $^{\text{म}}$ग म $^{\text{म}}$रे–सा, म प नि सां, नि प म प ग म प सां, प नि सां रें सां, $^{\text{मं}}$गं $^{\text{मं}}$गं मं रें सां, नि सां रें सां नि नि प म रे सा रे $^{\text{म}}$ग म $^{\text{सा}}$रे–सा।

**सूहा सुघरई :** सुघरई में एक स्वर समूह नि़ सा $^{\text{म}}$ग $^{\text{म}}$ग म, प म ग म, कभी कभी दिखाकर गुणी जन इसे सूहा सुघरई का नाम दे देते हैं।

## सुघरई (एकताल)

*जपि गोबिंदु गोपाल लालु ॥*

*राम नाम सिमरि तू जीवहि फिरि न खाई महा कालु ॥१॥ रहाउ ॥*

*कोटि जनम भ्रमि भ्रमि भ्रमि आइओ ॥ बडै भागि साधसंगु पाइओ ॥१॥*

*बिनु गुर पूरे नाही उधारु ॥ बाबा नानकु आखै एहु बीचारु ॥२॥*

*( रामकली महला ५ ) अंग ८८५*

## स्थाई

| | | | | | | | | | | | |
|---|---|---|---|---|---|---|---|---|---|---|---|
| नि | पम | प | सां | निप | मप | (म)ग | (म)ग | (ग)म | (सा)रे | - | सा |
| ज | पऽ | गो | बिं | दऽ | गोऽ | पा | ऽ | ल | ला | ऽ | ल |
| नि़ | - | सा | रे | म | म | प | प | प | नि | म | प |
| रा | ऽ | म | ना | ऽ | म | सि | म | र | तू | जी | वहि |
| नि- | पम | प | (म)ग | म | प | (म)ग | (म)ग | गम | (सा)रे | - | सा |
| फिऽ | रऽ | न | खा | ऽ | ई | म | हा | ऽऽ | का | ऽ | ल |
| x | | ० | | २ | | ० | | ३ | | ४ | |

## अंतरा

| | | | | | | | | | | | |
|---|---|---|---|---|---|---|---|---|---|---|---|
| म | म | प | निनि | पप | नि- | सांसां | रें- | गंमं | रेंसां | सां | - |
| को | ट | ज | नम | भ्रम | ऽऽ | भ्रम | ऽऽ | भ्रम | आइ | ओ | ऽ |
| सां | नि- | सां | नि | पम | प | (म)ग | (म)ग | गम | रेरे | सा | - |
| व | डेऽ | ऽ | भा | गऽ | सा | ऽ | ध | संग | पाइ | ओ | ऽ |
| नि़ | नि़ | सा | रे | म | प | पनि | सारें | निसां | नि- | पम | प |
| फि | र | न | खा | ई | ऽ | मऽ | ऽऽ | हाऽ | काऽ | ऽऽ | ल |
| x | | ० | | २ | | ० | | ३ | | ४ | |

**e-mail: gurbuxsingh@gmail.com**

ALP
AEROFLEX

# AEROFLEX®

## The Ideal EPDM Thermal Insulation for HVAC & R



- Closed cell elastomeric foam
- Temp. range: -70˚C to 150˚C
- Excellent Fire resistance
- Least Smoke Density & Toxicity
- Non-polar
- CFC/ HCFC free
- Low thermal conductivity
- Anti-microbial
- Non-corrosive

**AEROFLEX® EPDM Closed cell structure elastomeric foam**

Being halogen-free makes Aeroflex EPDM the most suitable choice of insulation for all types of projects as it has the least smoke density and toxicity with excellent fire resistance properties. With its anti-microbial and nonpolar properties, it ensures no moisture ingress or microbial contamination. EPDM is extremely durable and flexible in nature and has the widest working range of temperature, which makes it the most suitable choice of insulation for all HVAC & R applications. Not only is it CFC, HCFC, dust & nitrosamine free, but also eco-friendly by nature.

UL 94 | ASTM | RoHS | FDA | DIN | IMO INTERNATIONAL MARITIME ORGANIZATION

+91-124-4731500 | marketing@alpaeroflex.com | www.alpaeroflex.com